# ਭਾਗ-ੳ

**ਮਾਣਯੋਗ ਸਪੀਕਰ ਸਾਹਿਬ,**

ਇਸ ਅਜ਼ੀਮ ਸਦਨ ਦੇ ਸਾਹਮਣੇ ਸਾਲ 2015-16 ਦਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਦਾ ਲਗਾਤਾਰ ਚੌਥਾ ਬਜਟ ਪੇਸ਼ ਕਰਦਿਆਂ ਮੈਨੂੰ ਫ਼ਖ਼ਰ ਮਹਿਸੂਸ ਹੋ ਰਿਹਾ ਹੈ।

2. ਸਮੁੱਚੇ ਵਿਸ਼ਵ ਵਿਚ ਇਹ ਉਮੀਦ ਬਣੀ ਹੋਈ ਹੈ ਕਿ ਕੇਂਦਰ ਵਿਚ ਐੱਨ ਡੀ ਏ ਸਰਕਾਰ ਵੱਲੋਂ ਸ਼ੁਰੂ ਕੀਤੇ ਆਰਥਿਕ ਸੁਧਾਰਾਂ ਦੀ ਬਦੌਲਤ ਭਾਰਤ ਨਵੇਂ ਯੁੱਗ ਵਿਚ ਪ੍ਰਵੇਸ਼ ਕਰ ਚੁੱਕਿਆ ਹੈ। ਆਈ ਐੱਮ ਐੱਫ਼ ਅਤੇ ਵਿਸ਼ਵ ਬੈਂਕ ਦੇ ਤਾਜ਼ਾ ਸਰਵੇਖਣ ਮੁਤਾਬਿਕ ਭਾਰਤ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀ ਆਰਥਿਕਤਾ ਦੀ ਰਾਹ ਉੱਤੇ ਪੈ ਗਿਆ ਹੈ। ਕੌਮੀ ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਮੁੱਖ ਭਾਈਵਾਲ ਬਣਦਿਆਂ ਹੋਇਆਂ ਪੰਜਾਬ ਦੀ ਆਪਣੀ ਆਰਥਿਕਤਾ ਨੂੰ ਉਪਰ ਲਿਆਉਣ ਦਾ ਇਹ ਇਕ ਵਿਸ਼ੇਸ਼ ਮੌਕਾ ਹੈ। ਮੇਰਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਬਹੁਤ ਹੀ ਸਤਿਕਾਰਯੋਗ ਸ੍ਰ. ਪਰਕਾਸ਼ ਸਿੰਘ ਬਾਦਲ ਜੀ ਦੀ ਸਰਪ੍ਰਸਤੀ ਅਤੇ ਨਿਧੜਕ ਆਗੂ ਸ੍ਰ. ਸੁਖਬੀਰ ਸਿੰਘ ਬਾਦਲ ਜੀ ਦੀ ਰਹਿਨੁਮਾਈ ਵਿਚ, ਕੇਂਦਰ ਵਿਚਲੀ ਐੱਨ ਡੀ ਏ ਸਰਕਾਰ ਦੀ ਸੁਧਾਰ-ਪੱਖੀ ਸੋਚ ਦੀ ਬਦੌਲਤ ਪੰਜਾਬ ਦੀ ਆਰਥਿਕਤਾ ਵਿਚ ਆਸ ਦੀ ਇਕ ਨਵੀਂ ਕਿਰਨ ਪੈਦਾ ਹੋਵੇਗੀ।

3. ਇਹ ਬਜਟ 14ਵੇਂ ਵਿੱਤ ਕਮਿਸ਼ਨ ਦੁਆਰਾ ਸਪੁਰਦਗੀਆਂ ਵਿਚ ਕੀਤੇ ਗਏ ਵਾਧੇ ਅਤੇ ਕੇਂਦਰੀ ਬਜਟ ਵਿਚ ਰਾਜਾਂ ਨੂੰ ਤਬਦੀਲ ਯੋਜਨਾਵਾਂ ਦੀ ਕਮੀ ਦੇ ਪ੍ਰਸੰਗ ਵਿਚ ਤਿਆਰ ਕੀਤਾ ਗਿਆ ਹੈ। ਮੇਰੇ ਦੁਆਰਾ ਸਾਲ 2015-16 ਦੇ ਪੇਸ਼ ਕੀਤੇ ਜਾ ਰਹੇ ਬਜਟ ਵਿਚ ਚੁੱਕੇ ਗਏ ਕਦਮ ਅਤੇ ਦਰਸਾਈਆਂ ਗਈਆਂ ਨੀਤੀਆਂ ਸਾਡੀ ਸਰਕਾਰ ਦੀ ਉਸ ਵਚਨਬੱਧਤਾ ਨੂੰ ਪ੍ਰਗਟ ਕਰਦੀਆਂ ਹਨ ਜਿਹੜੀਆਂ ਕਿ ਰਾਜ ਦੀ ਆਰਥਿਕਤਾ ਨੂੰ ਨਿਰੰਤਰ ਵਿਕਾਸ ਦੇ ਰਾਹ ਉੱਤੇ ਪਾਉਣਗੀਆਂ ਅਤੇ ਜਿਨ੍ਹਾਂ ਦਾ ਸਮੁੱਚਾ

ਲਾਭ ਸਮਾਜ ਦੇ ਸਾਰੇ ਵਰਗਾਂ ਨੂੰ ਮਿਲੇਗਾ। ਇਹ ਬਜਟ ਰਾਜ ਨੂੰ ਵਿੱਤੀ ਮਜਬੂਤੀ, ਉਦਯੋਗਿਕ ਤਰੱਕੀ, ਖੇਤੀਬਾੜੀ ਖੇਤਰ ਵਿਚ ਸੁਧਾਰ ਅਤੇ ਸਮੂਹਿਕ ਵਿਕਾਸ ਵੱਲ ਲੈ ਕੇ ਜਾਂਦਾ ਹੈ। ਜਦੋਂ ਅਸੀਂ ਪੰਜਾਬ ਦੇ ਆਰਥਿਕ ਵਿਕਾਸ ਦੀ ਰੂਪ-ਰੇਖਾ ਉਲੀਕਦੇ ਹਾਂ ਤਾਂ ਸਾਡੇ ਸਾਹਮਣੇ ਉਹ ਸਾਰੀਆਂ ਚੁਣੌਤੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਰਾਜ ਸਾਹਮਣਾ ਕਰ ਰਿਹਾ ਹੈ, ਜਿਵੇਂ ਕਿ ਨਸ਼ਾਖੋਰੀ, ਬਾਲੜੀਆਂ ਦੀ ਘਟ ਜਨਮ ਦਰ, ਕੈਂਸਰ ਦੇ ਵੱਧਦੇ ਕੇਸ, ਵਿੱਤੀ ਔਕੜਾਂ ਅਤੇ ਨੌਜਵਾਨਾਂ ਵਿਚਲੀ ਬੇਰੁਜ਼ਗਾਰੀ। ਸਰਕਾਰ ਪੁਰਜ਼ੋਰ ਯਤਨ ਕਰ ਰਹੀ ਹੈ ਕਿ ਇਹਨਾਂ ਚੁਣੌਤੀਆਂ ਉੱਤੇ ਕਾਬੂ ਪਾਇਆ ਜਾ ਸਕੇ। ਕੇਂਦਰ ਦੀ ਯੋਗ ਸਹਾਇਤਾ ਨਾਲ ਨਿਸ਼ਚੇ ਹੀ ਅਸੀਂ ਥੋੜ੍ਹੇ ਸਮੇਂ ਵਿਚ ਇਨ੍ਹਾਂ ਮੁਸ਼ਕਿਲਾਂ ਉਤੇ ਕਾਬੂ ਪਾਉਣ ਵਿਚ ਕਾਮਯਾਬ ਹੋ ਸਕਾਂਗੇ।

4. ਸਾਲ 2012-13, 2013-14 ਅਤੇ 2014-15 ਦੇ ਬਜਟ ਪੇਸ਼ ਕਰਦਿਆਂ ਮੈਂ ਕੁਝ ਵਾਅਦੇ ਕੀਤੇ ਸਨ। ਸਾਡੀ ਸਰਕਾਰ ਨੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਅਮਲ ਵਿਚ ਲਿਆਂਦਾ ਹੈ, ਜਦੋਂ ਕਿ ਬਾਕੀ ਰਹਿੰਦਿਆਂ ਉਪਰ ਵੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਵਿਭਾਗਾਂ ਦੀਆਂ ਬਜਟ ਤਜਵੀਜ਼ਾਂ ਸਬੰਧੀ ਵਿਚਾਰ-ਵਟਾਂਦਰਾ ਕਰਦਿਆਂ ਹੋਇਆਂ ਮੈਂ ਇਹਨਾਂ ਉਪਰ ਰੌਸ਼ਨੀ ਪਾਵਾਂਗਾ। ਸ੍ਰੀਮਾਨ ਸਪੀਕਰ ਸਾਹਿਬ, ਹੁਣ ਮੈਂ ਰਾਜ ਦੇ ਆਰਥਿਕ ਅਤੇ ਮਾਲੀ ਮਾਪਦੰਡਾਂ ਸਬੰਧੀ ਕੁਝ ਵਿਸਥਾਰ ਵਿਚ ਜ਼ਿਕਰ ਕਰਾਂਗਾ।

## ਆਰਥਿਕ ਵਿਕਾਸ

5. ਚਾਲੂ ਵਿੱਤੀ ਸਾਲ (2014-15) ਵਿਚ ਅਗੇਤੇ ਅਨੁਮਾਨਾਂ ਅਨੁਸਾਰ ਪੰਜਾਬ ਦਾ ਜੀ.ਐਸ.ਡੀ.ਪੀ. 10.16 ਫ਼ੀਸਦ ਦੀ ਦਰ ਨਾਲ ਵਧਣ ਦਾ ਅਨੁਮਾਨ ਹੈ। ਸਾਲ 2013-14 ਦੌਰਾਨ ਸਥਿਰ ਕੀਮਤਾਂ ਉਤੇ ਜੀ.ਐੱਸ.ਡੀ.ਪੀ. 4.74 ਫ਼ੀਸਦ ਦੀ ਕੌਮੀ ਵਾਧਾ ਦਰ ਦੇ ਮੁਕਾਬਲੇ 5.73 ਫ਼ੀਸਦ ਦੀ ਦਰ ਨਾਲ ਵਧਿਆ ਹੈ। ਵਰਤਮਾਨ ਕੀਮਤਾਂ ਉੱਤੇ ਰਾਜ ਦੀ ਪ੍ਰਤੀ ਜੀਅ ਆਮਦਨ ਸਾਲ 2013-14 ਵਿਚ 92,350 ਰੁਪਏ ਤੋਂ ਵੱਧ ਕੇ 2014-15 ਵਿਚ (ਅਗੇਤੇ ਅਨੁਮਾਨਾਂ ਅਨੁਸਾਰ) 99,578 ਰੁਪਏ ਦਾ ਅਨੁਮਾਨ ਲਗਾਇਆ ਗਿਆ ਹੈ।

## ਵਿੱਤੀ ਮਜਬੂਤੀ

6. ਸੀਮਿਤ ਸਰੋਤਾਂ ਦੀ ਉਚਿਤ ਵਰਤੋਂ ਦੁਆਰਾ ਵਿਕਾਸ ਵਿਚ ਪ੍ਰਗਤੀ ਲਿਆਉਣ ਲਈ ਅਤੇ ਅੰਤਰ ਪੀੜ੍ਹੀ ਇਨਸਾਫ਼ ਲਈ ਵਿੱਤੀ ਸੰਜਮ ਅਤਿਅੰਤ ਮਹੱਤਵਪੂਰਣ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਸਾਰੇ ਕਦਮ ਚੁੱਕ ਰਹੀ ਹੈ ਕਿ ਸੀਮਤ ਸਾਧਨਾਂ ਵਿਚ ਰਹਿੰਦੇ ਹੋਏ ਆਪਣੇ ਕਰਜ਼ ਅਤੇ ਘਾਟੇ ਦੀ ਸਥਿਤੀ ਨੂੰ ਕਾਬੂ ਵਿਚ ਰੱਖਿਆ ਜਾਵੇ। ਵਿੱਤੀ ਸੂਚਕ ਪੇਸ਼ ਕਰਨ ਤੋਂ ਪਹਿਲਾਂ ਮੈਂ ਇਸ ਸਦਨ ਨੂੰ ਇਹ ਦੱਸਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ 14ਵੇਂ ਵਿੱਤ ਕਮਿਸ਼ਨ ਨੇ ਆਪਣੀਆਂ ਸਿਫ਼ਾਰਸ਼ਾਂ ਵਿਚ ਕੇਂਦਰੀ ਕਰਾਂ ਵਿਚ ਪੰਜਾਬ ਦੇ ਹਿੱਸੇ ਨੂੰ 1.389 ਫ਼ੀਸਦ ਤੋਂ ਵਧਾ ਕੇ 1.577 ਫ਼ੀਸਦ ਕਰ ਦਿੱਤਾ ਹੈ।ਮੈਂ ਇਸ ਅਜ਼ੀਮ ਸਦਨ ਨਾਲ ਇਹ ਗੱਲ ਸਾਂਝੀ ਕਰਨ ਵਿਚ ਵੀ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ 14ਵੇਂ ਵਿੱਤ ਕਮਿਸ਼ਨ ਨੇ ਸਾਡੀ ਸਰਕਾਰ ਦੁਆਰਾ ਕੀਤੇ ਯਤਨਾਂ ਦੀ ਬਦੌਲਤ ਰਾਜ ਦੇ ਵਿੱਤੀ ਸੁਧਾਰ ਨੂੰ ਸਵੀਕਾਰ ਕੀਤਾ ਹੈ ਅਤੇ ਰਾਜ ਨੂੰ ਮਾਲੀ ਘਾਟਾ ਗ੍ਰਾਂਟ ਦੇ ਲੋੜਵੰਦ ਰਾਜਾਂ ਦੀ ਸੂਚੀ ਵਿਚੋਂ ਕੱਢ ਦਿੱਤਾ ਹੈ।

7. ਹੁਣ ਮੈਂ ਵਿੱਤੀ ਮਜ਼ਬੂਤੀ ਵਿਚ ਰਾਜ ਵੱਲੋਂ ਪ੍ਰਾਪਤ ਕੀਤੀ ਸਫ਼ਲਤਾ ਬਾਰੇ ਜ਼ਿਕਰ ਕਰਾਂਗਾ। ਪੰਜਾਬ 13ਵੇਂ ਵਿੱਤ ਕਮਿਸ਼ਨ ਅਤੇ ਐੱਫ਼ ਆਰ ਬੀ ਐੱਮ ਐਕਟ ਦੁਆਰਾ ਨਿਰਧਾਰਤ ਕੀਤੇ ਵਿੱਤੀ ਟੀਚਿਆਂ ਤੋਂ ਅੱਗੇ ਹੈ। ਰਾਜ ਨੇ ਸਾਲ 2006-07 ਵਿਚ ਵਿੱਤੀ ਘਾਟਾ ਰਾਜ ਦੇ ਕੁਲ ਘਰੇਲੂ ਉਤਪਾਦ ਦੇ 3.45 ਫ਼ੀਸਦ ਤੋਂ ਘਟਾ ਕੇ ਸਾਲ 2013-14 ਵਿਚ ਜੀ.ਐੱਸ.ਡੀ.ਪੀ. ਦਾ 2.77 ਫ਼ੀਸਦ ਉਤੇ ਲਿਆਂਦਾ ਹੈ ਅਤੇ 2014-15 ਵਿਚ ਵੀ 13ਵੇਂ ਵਿੱਤ ਕਮਿਸ਼ਨ ਦੇ 3.0 ਫ਼ੀਸਦ ਦੇ ਟੀਚੇ ਤੋਂ ਹੇਠਾਂ ਹੈ। ਸਾਲ 2015-16 ਲਈ (ਬਜਟ ਅਨੁਮਾਨ) ਰਾਜ ਸਰਕਾਰ ਦਾ ਵਿੱਤੀ ਘਾਟਾ ਜੀ. ਐੱਸ. ਡੀ. ਪੀ. ਦਾ 2.98 ਫ਼ੀਸਦ ਅਨੁਮਾਨਿਆ ਗਿਆ ਹੈ।

8. ਰਾਜ ਦੀਆਂ ਸਾਰਥਕ ਕੋਸ਼ਿਸ਼ਾਂ ਸਦਕਾ ਕਰਜ਼ ਸੀਮਿਤ ਹੱਦਾਂ ਵਿਚ ਰੱਖਿਆ ਗਿਆ ਹੈ ਜੋ ਕਿ ਕਰਜ਼ ਅਤੇ ਜੀ.ਐੱਸ.ਡੀ.ਪੀ. ਦੇ ਤੇਜ਼ੀ ਨਾਲ ਘੱਟ ਰਹੇ ਅਨੁਪਾਤ ਤੋਂ ਪਤਾ ਲੱਗਦਾ ਹੈ। ਸਾਲ 2014-15 ਵਿਚ ਰਾਜ ਦਾ ਕਰਜ਼ ਅਤੇ ਜੀ.ਐੱਸ.ਡੀ.ਪੀ. ਅਨੁਪਾਤ 32.24 ਫ਼ੀਸਦ ਸੀ ਜਿਹੜਾ ਕਿ 13ਵੇਂ ਵਿੱਤ ਕਮਿਸ਼ਨ ਵਲੋਂ ਇਸ ਸਾਲ

ਲਈ ਨਿਰਧਾਰਤ 38.7 ਫ਼ੀਸਦ ਦੇ ਟੀਚੇ ਤੋਂ ਹੇਠਾਂ ਸੀ। ਸਾਲ 2015-16 ਦੌਰਾਨ ਰਾਜ ਦੇ ਕਰਜ਼ ਅਤੇ ਜੀ.ਐੱਸ.ਡੀ.ਪੀ. ਅਨੁਪਾਤ 31.34 ਫ਼ੀਸਦ ਅਨੁਮਾਨਿਆ ਗਿਆ ਹੈ।

9. ਪੰਜਵੇਂ ਪੰਜਾਬ ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਅਮਲ ਵਿਚ ਲਿਆਉਣਾ ਰਾਜ ਸਰਕਾਰ ਲਈ ਇਕ ਗੰਭੀਰ ਚੁਣੌਤੀ ਰਹੀ ਹੈ ਜਿਸ ਦੀ ਬਦੌਲਤ ਰਾਜ ਸਰਕਾਰ ਦੀਆਂ ਤਨਖ਼ਾਹਾਂ ਤੇ ਪੈਨਸ਼ਨਾਂ ਲਈ ਨਿਸ਼ਚਿਤ ਖ਼ਰਚੇ ਵਿਚ ਭਾਰੀ ਵਾਧਾ ਹੋਇਆ ਹੈ। ਜਿਵੇਂ ਕਿ ਮੈਂ ਆਪਣੇ ਭਾਸ਼ਣ ਵਿਚ ਅੱਗੇ ਪੇਸ਼ ਕਰਾਂਗਾ, ਸਰਕਾਰ ਦੇ ਨਿਰੰਤਰ ਯਤਨਾਂ ਦੀ ਬਦੌਲਤ ਰਾਜ ਦਾ ਆਪਣਾ ਕਰ ਮਾਲੀਆ ਜੀ. ਐੱਸ. ਡੀ. ਪੀ. ਦੇ ਅਨੁਪਾਤ ਨਾਲ ਅਤੇ ਗ਼ੈਰ ਕਰ ਮਾਲੀਆ ਵੀ ਪਿਛਲੇ ਵਰ੍ਹਿਆਂ ਵਿਚ ਕਾਫ਼ੀ ਵਧਿਆ ਹੈ। ਪਰੰਤੂ ਕੇਂਦਰੀ ਕਰਾਂ ਵਿਚ ਪੰਜਾਬ ਦੇ ਘਟ ਹਿੱਸੇ ਨੇ ਰਾਜ ਉਪਰ ਕਾਫ਼ੀ ਬੋਝ ਪਾਇਆ ਸੀ। ਆਸ ਹੈ ਕਿ ਹੁਣ 14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੀ ਬਦੌਲਤ ਇਸ ਸਥਿਤੀ ਵਿਚ ਕੁਝ ਸੁਧਾਰ ਹੋਵੇਗਾ, ਕਿਉਂਕਿ ਕੇਂਦਰੀ ਕਰਾਂ ਵਿਚ ਪੰਜਾਬ ਦੇ ਹਿੱਸੇ ਵਿਚ ਵਾਧਾ ਹੋਇਆ ਹੈ, ਹਾਲਾਂਕਿ ਕੇਂਦਰੀ ਸਕੀਮਾਂ ਵਿਚ ਘਾਟੇ ਕਰਕੇ ਨੁਕਸਾਨ ਵੀ ਹੋਵੇਗਾ।

10. ਆਪਣੀਆਂ ਖ਼ਰਚਾ ਜ਼ਰੂਰਤਾਂ ਦੀ ਪੂਰਤੀ ਲਈ ਆਪਣੇ ਕਰ ਮਾਲੀਏ ਦੀ ਮਹੱਤਤਾ ਨੂੰ ਮਹਿਸੂਸ ਕਰਦਿਆਂ ਰਾਜ ਨੇ ਆਪਣੇ ਕਰ ਮਾਲੀਏ ਵਿਚ ਵਾਧਾ ਕਰਨ ਲਈ ਨਿਰੰਤਰ ਯਤਨ ਕੀਤੇ ਹਨ ਜਿਸ ਦੇ ਨਤੀਜੇ ਵਜੋਂ ਸਾਲ 2007-08 ਅਤੇ 2014-15 (ਸੋਧੇ ਅਨੁਮਾਨ) ਦੇ ਦਰਮਿਆਨ ਰਾਜ ਨੇ ਆਪਣੇ ਕਰ ਮਾਲੀਏ ਵਿਚ 16 ਫ਼ੀਸਦ ਦੀ ਦਰ ਨਾਲ ਵਾਧਾ ਕੀਤਾ ਹੈ।

11. ਪਿਛਲੇ ਸਾਲਾਂ ਵਿਚ ਸਰਕਾਰ ਦੁਆਰਾ ਕੀਤੇ ਖ਼ਰਚ ਦੀ ਗੁਣਵੱਤਾ ਵਿਚ ਵੀ ਸੁਧਾਰ ਹੋਇਆ ਹੈ ਜੋ ਕਿ ਰਾਜ ਸਰਕਾਰ ਦੇ ਵਿਕਾਸ ਖ਼ਰਚ ਦੇ ਕੁਲ ਖ਼ਰਚ ਨਾਲ ਵਧਦੇ ਅਨੁਪਾਤ ਤੋਂ ਪਤਾ ਲੱਗਦਾ ਹੈ। ਸਾਲ 2013-14 ਦੌਰਾਨ ਰਾਜ ਦਾ ਵਿਕਾਸ ਖ਼ਰਚ ਕੁਲ ਖ਼ਰਚ ਦਾ 52.24 ਫ਼ੀਸਦ ਸੀ ਜੋ ਕਿ ਸਾਲ 2014-15 (ਸੋਧੇ ਅਨੁਮਾਨ) ਅਨੁਸਾਰ ਨਿੱਗਰ ਰੂਪ ਵਿਚ ਵਧ ਕੇ 55.39 ਫ਼ੀਸਦ ਹੋਇਆ ਹੈ। ਸਾਲ 2015-16 (ਬਜਟ ਅਨੁਮਾਨ) ਲਈ ਰਾਜ ਦੇ ਕੁੱਲ ਖ਼ਰਚ ਨਾਲ ਵਿਕਾਸ ਖ਼ਰਚ ਦਾ ਅਨੁਪਾਤ 55.60 ਫ਼ੀਸਦ ਤੱਕ ਜਾਣ ਦੀ ਉਮੀਦ ਹੈ।ਇਸ ਤੋਂ ਇਲਾਵਾ ਸਾਲ 2013-14 ਵਿਚ

ਰਾਜ ਸਰਕਾਰ ਦਾ ਪੂੰਜੀਗਤ ਖ਼ਰਚ 2200.61 ਕਰੋੜ ਰੁਪਏ ਤੋਂ ਵੱਧ ਕੇ ਸਾਲ 2014-15 ਵਿਚ 3948.28 ਕਰੋੜ ਰੁਪਏ ਅਰਥਾਤ 79 ਫ਼ੀਸਦ ਦਾ ਮਹੱਤਵਪੂਰਨ ਵਾਧਾ ਹੋਇਆ ਹੈ।

12. ਸੈਕਟਰਵਾਰ ਬਜਟ ਉਪਬੰਧਾਂ ਦੇ ਵੇਰਵੇ ਦੇਣ ਤੋਂ ਪਹਿਲਾਂ ਮੈਂ ਸ਼ੁਰੂ ਵਿਚ ਹੀ ਸਾਲ 2015-16 ਲਈ ਸਾਡੀ ਸਰਕਾਰ ਵਲੋਂ ਕੀਤੀਆਂ ਕੁਝ ਮੁੱਖ ਨਵੀਆਂ ਪਹਿਲ ਕਦਮੀਆਂ ਦਾ ਜ਼ਿਕਰ ਕਰਨਾ ਚਾਹਾਂਗਾ। "ਸਰਬੱਤ ਦੇ ਭਲੇ" ਵਾਲੀ ਵਿਚਾਰਧਾਰਾ ਨੇ ਸਾਡੇ ਸਮਾਜ ਦੇ ਸਮੁੱਚੇ ਵਰਗਾਂ ਦੇ ਸਮੂਹਿਕ ਵਿਕਾਸ ਲਈ ਇਹ ਸਕੀਮਾਂ ਬਣਾਉਣ ਦੀ ਸਾਨੂੰ ਪ੍ਰੇਰਨਾ ਦਿੱਤੀ ਹੈ।

## ਸੁਚੱਜਾ ਰਾਜ ਪ੍ਰਬੰਧ

13. ਸ੍ਰੀਮਾਨ ਜੀ, ਮੈਂ ਇਹ ਦੱਸਣ ਵਿਚ ਫ਼ਖਰ ਮਹਿਸੂਸ ਕਰ ਰਿਹਾ ਹਾਂ ਕਿ ਸਾਡੀ ਸਰਕਾਰ ਦੇ ਉਦਮੀ ਯਤਨਾਂ ਨੇ ਪੰਜਾਬ ਨੂੰ ਈ-ਗਵਰਨੈਂਸ ਪਹਿਲ ਕਦਮੀਆਂ ਅਮਲ ਵਿਚ ਲਿਆਉਣ ਵਾਲਾ ਮੋਹਰੀ ਸੂਬਾ ਬਣਾਇਆ ਹੈ। ਅਜਿਹੀ ਇਕ ਵਿਲੱਖਣ ਪਹਿਲ ਕਦਮੀ ਨਾਗਰਿਕ ਸੇਵਾ ਪ੍ਰਦਾਨ ਕਰਨ ਲਈ ਸੇਵਾ ਕੇਂਦਰਾਂ ਦੀ ਸਥਾਪਤੀ ਕਰਨਾ ਹੈ। "ਸਰਕਾਰ ਲੋਕਾਂ ਦੇ ਦਰਾਂ ਉੱਤੇ" ਵਾਲੀ ਸਾਡੀ ਵਚਨਬੱਧਤਾ ਦੀ ਪੂਰਤੀ ਲਈ ਅਸੀਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਏਕੀਕ੍ਰਿਤ ਸੇਵਾ ਕੇਂਦਰਾਂ ਦੀ ਸਥਾਪਤੀ ਕਰ ਰਹੇ ਹਾਂ। ਨਾਗਰਿਕਾਂ ਨੂੰ ਉਹਨਾਂ ਦੇ ਦਰਾਂ ਉੱਤੇ 50 ਸੇਵਾਵਾਂ ਮੁਹੱਈਆ ਕਰਵਾਉਣ ਲਈ ਇਸ ਸਾਲ 2,174 ਸੇਵਾ ਕੇਂਦਰ ਸਥਾਪਿਤ ਕੀਤੇ ਜਾਣਗੇ। ਅਗਲੇ ਪੜਾਅ ਵਿਚ ਇਹਨਾਂ ਸੇਵਾ ਕੇਂਦਰਾਂ ਤੋਂ ਹੀ 200 ਹੋਰ ਸੇਵਾਵਾਂ ਉਪਲਬਧ ਕਰਵਾਈਆਂ ਜਾਣਗੀਆਂ। ਇਸ ਉਦੇਸ਼ ਲਈ 500 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

## ਖੇਤੀਬਾੜੀ

14. ਪੰਜਾਬ ਰਾਜ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਤੀਬਾੜੀ ਹੈ ਜੋ ਰਾਜ ਦੀ 60 ਫ਼ੀਸਦ ਆਬਾਦੀ ਤੋਂ ਵੀ ਵਧੇਰੇ ਲੋਕਾਂ ਨੂੰ ਉਪਜੀਵਕਾ ਮੁਹੱਈਆ ਕਰਦਾ ਹੈ। ਰਾਜ ਸਰਕਾਰ ਖੇਤੀਬਾੜੀ ਉਪਰ ਲਗਾਤਾਰ ਵਿਸ਼ੇਸ਼ ਜ਼ੋਰ ਅਤੇ ਕਿਸਾਨਾਂ ਦੀ ਆਮਦਨ ਵਿਚ

ਬਿਹਤਰੀ ਲਿਆ ਕੇ ਇਸ ਖੇਤਰ ਵਿਚਲੇ ਵਿਕਾਸ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਮੈਂ, ਅੰਮ੍ਰਿਤਸਰ ਵਿਖੇ ਬਾਗਬਾਨੀ ਖੋਜ ਅਤੇ ਸਿੱਖਿਆ ਸਬੰਧੀ ਪੋਸਟ ਗ੍ਰੈਜੂਏਟ ਸੰਸਥਾ ਸਥਾਪਿਤ ਕਰਨ ਲਈ ਕੇਂਦਰ ਸਰਕਾਰ ਦੀ ਬਜਟ ਘੋਸ਼ਣਾ ਦੀ ਸ਼ਲਾਘਾ ਕਰਦਾ ਹਾਂ। ਮੈਂ ਇਹ ਉਮੀਦ ਕਰਦਾ ਹਾਂ ਕਿ ਇਸ ਸੰਸਥਾ ਦੀ ਸਥਾਪਨਾ ਨਾਲ ਪੰਜਾਬ ਬਾਗਬਾਨੀ ਖੋਜ ਦੇ ਖੇਤਰ ਵਿਚ ਇਕ ਮੋਹਰੀ ਸੂਬਾ ਬਣੇਗਾ ਅਤੇ ਰਾਜ ਵਿਚ ਫ਼ਸਲੀ ਵਿਭਿੰਨਤਾ ਦੀ ਪ੍ਰਕਿਰਿਆ ਨਵੀਆਂ ਉਚਾਈਆਂ ਨੂੰ ਛੂਹੇਗੀ।

15. ਪੰਜਾਬ ਦੇ ਖੇਤੀਬਾੜੀ ਅਤੇ ਸਬੰਧਤ ਖੇਤਰਾਂ ਦੇ ਵਿਕਾਸ ਵਿਚ ਸਹਿਕਾਰੀ ਸਭਾਵਾਂ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ। ਸਹਿਕਾਰੀ ਖੰਡ ਮਿੱਲਾਂ ਨੇ ਗੰਨੇ ਅਧੀਨ ਖੇਤਰ ਵਿਚ ਵਾਧਾ ਕਰਕੇ ਰਾਜ ਦੀ ਫ਼ਸਲੀ ਵਿਭਿੰਨਤਾ ਵਿਚ ਯੋਗਦਾਨ ਪਾਇਆ ਹੈ। ਖੰਡ ਦੀਆਂ ਮੌਜੂਦਾ ਗਿਰ ਰਹੀਆਂ ਕੀਮਤਾਂ ਨੇ ਖੰਡ ਸਹਿਕਾਰੀ ਸਭਾਵਾਂ ਲਈ ਵਿੱਤੀ ਸੰਕਟ ਪੈਦਾ ਕਰਕੇ ਅਤੇ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕਰਨ ਵਿਚ ਮੁਸ਼ਕਿਲਾਂ ਪੈਦਾ ਕੀਤੀਆਂ ਹਨ। ਇਸ ਲਈ ਗੰਨਾ ਉਤਪਾਦਕਾਂ ਨੂੰ ਸਮੇਂ ਸਿਰ ਅਦਾਇਗੀ ਕਰਨ ਲਈ ਖੰਡ ਸਹਿਕਾਰੀ ਸਭਾਵਾਂ ਦੀ ਸਹਾਇਤਾ ਲਈ 600 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਕੇਂਦਰੀ ਸਹਿਕਾਰੀ ਬੈਂਕਾਂ ਦੇ ਮੁੜ ਪੂੰਜੀਕਰਨ ਲਈ ਵੀ 80 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ਤਾਂ ਜੋ ਖੇਤੀਬਾੜੀ ਲਈ ਕਰਜ਼ ਦੇਣ ਸਬੰਧੀ ਉਹਨਾਂ ਨੂੰ ਹੋਰ ਮਜਬੂਤ ਬਣਾਇਆ ਜਾ ਸਕੇ।

## ਉਦਯੋਗ

16. ਸ੍ਰੀਮਾਨ ਜੀ, ਰਾਜ ਵਿਚ ਉਤਪਾਦਨ ਸੈਕਟਰ ਦੇ ਸਮੁੱਚੇ ਵਿਕਾਸ ਵਿਚ ਮਾਈਕਰੋ ਅਤੇ ਛੋਟੇ ਦਰਜੇ ਦੇ ਉਦਮਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪੰਜਾਬ ਵਿਚ ਮਾਈਕਰੋ ਅਤੇ ਛੋਟੇ ਦਰਜੇ ਦੇ ਉਦਮਾਂ ਦੀ ਮਹੱਤਵਪੂਰਨ ਮੌਜੂਦਗੀ ਹੈ ਜੋ ਕਿ ਵਾਧੇ ਅਤੇ ਸਮੂਹਿਕ ਵਿਕਾਸ ਲਈ ਤਾਕਤਵਾਰ ਇੰਜਣ ਹਨ। ਇਹ ਯੂਨਿਟ ਵੱਡੇ ਪੱਧਰ ਤੇ ਪੈਦਾ ਕੀਤੇ ਗਏ ਰੁਜ਼ਗਾਰ ਦੇ ਮੌਕਿਆਂ ਸਦਕਾ ਵਧਾਈ ਦੇ ਪਾਤਰ ਹਨ। ਮਾਈਕਰੋ ਅਤੇ ਛੋਟੇ ਉਦਮੀਆਂ ਨੂੰ ਦਰਪੇਸ਼ ਵਿੱਤੀ ਮੁਸ਼ਕਲਾਂ ਨੂੰ ਘੱਟ ਕਰਨ ਲਈ ਮੈਂ ਇਕ "ਉੱਦਮ ਵਿਕਾਸ ਪ੍ਰੋਗਰਾਮ" ਸ਼ੁਰੂ ਕਰਨ ਦੀ ਤਜਵੀਜ਼ ਕਰਦਾ ਹਾਂ। ਇਸ ਪ੍ਰੋਗਰਾਮ ਅਧੀਨ

ਪੰਜ ਕਰੋੜ ਰੁਪਏ ਦੇ ਨਿਵੇਸ਼ ਤਕ ਦੇ ਮਾਈਕਰੋ ਅਤੇ ਛੋਟੇ ਉਦਮਾਂ ਦੀ ਸਥਾਪਤੀ ਲਈ ਲਏ ਗਏ ਕਰਜ਼ ਤੇ 3 ਫ਼ੀਸਦੀ ਦੀ ਦਰ ਨਾਲ ਮਦਦ ਬਤੌਰ ਵਿਆਜ਼ ਸਬਵੈਂਸ਼ਨ ਦੇ ਦਿੱਤੀ ਜਾਵੇਗੀ। ਚਾਲੂ ਮਾਲੀ ਸਾਲ ਵਿਚ ਇਸ ਸਕੀਮ ਲਈ 100 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

17. ਪਿਛਲੇ ਕੁਝ ਸਮੇਂ ਤੋਂ ਪੈਦਾ ਹੋਏ ਆਰਿਥਕ ਨਿਘਾਰ ਦੀ ਸਥਿਤੀ ਨੇ ਸਾਡੇ ਉਦਯੋਗ ਉੱਤੇ ਵੀ ਮਾੜਾ ਪ੍ਰਭਾਵ ਪਾਇਆ ਹੈ ਅਤੇ ਪੀ.ਐਸ.ਆਈ.ਡੀ.ਸੀ., ਪੀ.ਐਫ.ਸੀ. ਅਤੇ ਪੀ.ਏ.ਆਈ.ਸੀ. ਤੋਂ ਕਰਜ਼ ਲੈਣ ਵਾਲੇ ਬਹੁਤ ਸਾਰੇ ਕਰਜ਼ਦਾਰ ਆਪਣਾ ਕਰਜ਼ ਵਾਪਸ ਕਰਨ ਸਮੇਂ ਵਾਸਤਵਿਕ ਰੂਪ ਵਿੱਚ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਬੰਦ ਹੋਏ ਉਦਯੋਗਿਕ ਨਿਵੇਸ਼ ਨੂੰ ਉਤਪਾਦਨੀ ਵਰਤੋਂ ਵਿਚ ਲਿਆਉਣ ਲਈ ਅਤੇ ਮੌਜੂਦਾ ਪੰਜਾਬ ਉਦਯੋਗ ਦੀ ਪੁਨਰ ਸੁਰਜੀਤੀ ਲਈ ਸਰਕਾਰ, ਪੀ.ਐੱਸ. ਆਈ. ਡੀ.ਸੀ., ਪੀ. ਐਫ਼.ਸੀ. ਅਤੇ ਪੀ.ਏ.ਆਈ.ਸੀ. ਦੀਆਂ ਕਰਜ਼ ਦੇਣ ਵਾਲੀਆਂ ਅਤੇ ਪ੍ਰੇਰਿਕ ਕੰਪਨੀਆਂ ਲਈ ਇਕ ਤਰਕਸੰਗਤ ਓ.ਟੀ.ਐੱਸ. ਨੀਤੀ ਲਿਆ ਰਹੀ ਹੈ। ਇਸ ਨੀਤੀ ਅਧੀਨ ਬਹੁਤ ਸਾਰੀਆਂ ਉਹਨਾਂ ਛੋਟੀਆਂ ਉਦਯੋਗ ਯੂਨਿਟਾਂ ਲਈ, ਜਿਹਨਾਂ ਨੂੰ ਪੀ.ਐਫ਼.ਸੀ. ਵਲੋਂ ਵਿੱਤ ਮੁਹੱਈਆ ਕੀਤਾ ਗਿਆ ਸੀ, ਆਪਣੇ ਖ਼ਾਤਿਆਂ ਦਾ ਨਿਪਟਾਰਾ ਕਰ ਰਹੀਆਂ ਹਨ ਅਤੇ ਪੁਨਰ ਸੁਰਜੀਤ ਹੋ ਰਹੀਆਂ ਤੋਂ ਇਲਾਵਾ 60 ਵੱਡੇ ਅਤੇ ਦਰਮਿਆਨੇ ਦਰਜੇ ਦੇ ਉਦਯੋਗਿਕ ਪ੍ਰਾਜੈਕਟਾਂ ਅਤੇ ਪੀ. ਏ.ਆਈ. ਸੀ. ਦੇ ਲਗਭੱਗ 15 ਉਦਯੋਗਿਕ ਪ੍ਰਾਜੈਕਟਾਂ ਦੇ ਪੁਨਰ ਸੁਰਜੀਤੀ ਤੋਂ ਇਲਾਵਾ ਪੀ. ਐੱਫ਼. ਸੀ., ਪੀ.ਐੱਸ.ਆਈ.ਡੀ. ਸੀ. ਅਤੇ ਪੀ.ਏ.ਆਈ.ਸੀ. ਨੂੰ ਵਧੇਰੇ ਸਰਕਾਰੀ ਪੂੰਜੀ ਦੀ ਵਸੂਲੀ ਦੀ ਉਮੀਦ ਹੈ।

## ਯੁਵਕ ਅਤੇ ਖੇਡਾਂ

## ਪੰਜਾਬ ਦੇ ਯੁਵਕਾਂ ਨੂੰ ਹੁਨਰ ਸਿਖਲਾਈ

18. ਪੰਜਾਬ ਦਾ ਭਵਿੱਖ ਨੌਜਵਾਨਾਂ ਉੱਤੇ ਨਿਰਭਰ ਕਰਦਾ ਹੈ ਜੋ ਕਿ ਰਾਜ ਦੀ ਕੁਲ ਆਬਾਦੀ ਦਾ ਲਗਭਗ 30 ਫ਼ੀਸਦ ਬਣਦਾ ਹੈ। ਨੌਜਵਾਨਾਂ ਦੀ ਰੁਜ਼ਗਾਰ ਯੋਗਤਾ ਵਿਚ

ਵਾਧੇ ਲਈ ਸਾਡੀ ਸਰਕਾਰ ਉਦਯੋਗਾਂ ਦੀਆਂ ਜ਼ਰੂਰਤਾਂ ਅਨੁਸਾਰ ਉਹਨਾਂ ਨੂੰ ਹੁਨਰਮੰਦ ਸਿਖਲਾਈ ਦੇਣ ਲਈ ਵਚਨਬੱਧ ਹੈ। ਇਸ ਗੱਲ ਨੂੰ ਮੱਦੇ ਨਜ਼ਰ ਰੱਖਦਿਆਂ ਅਤੇ ਐਮ ਐਸ ਐਮ ਈ ਸੈਕਟਰ ਦੀ ਮਹੱਤਵਪੂਰਨ ਹੋਂਦ ਦੇ ਤੱਥ ਨੂੰ ਵਿਚਾਰਦਿਆਂ ਹੋਇਆਂ ਰਾਜ "ਮੇਕ ਇਨ ਇੰਡੀਆ" ਮੁਹਿੰਮ ਵਿਚ ਉਘੇ ਭਾਈਵਾਲ ਵਜੋਂ ਭੂਮਿਕਾ ਨਿਭਾਏਗਾ। ਰਾਜ ਨੇ ਬਲਾਕ,ਜ਼ਿਲ੍ਹਾ ਅਤੇ ਰਾਜ ਪੱਧਰੀ ਤਿੰਨ ਪੜਾਵੀ ਸ਼ਕਤੀਸ਼ਾਲੀ "ਰਾਜ ਹੁਨਰ ਵਿਕਾਸ ਮਿਸ਼ਨ" ਦੀ ਸਥਾਪਨਾ ਕੀਤੀ ਹੈ।

19. ਰਾਜ ਦੀਆਂ ਬਹੁ ਹੁਨਰੀ ਵਿਕਾਸ ਜ਼ਰੂਰਤਾਂ ਦੀ ਪੂਰਤੀ ਲਈ ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ, ਜਲੰਧਰ ਅਤੇ ਰੋਪੜ ਵਿਖੇ ਮਿਸ਼ਨ ਵਲੋਂ ਬਹੁ-ਹੁਨਰੀ ਵਿਕਾਸ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਅੰਮ੍ਰਿਤਸਰ, ਪਟਿਆਲਾ ਅਤੇ ਫ਼ਰੀਦਕੋਟ ਦੇ ਮੈਡੀਕਲ ਕਾਲਜਾਂ ਵਿਖੇ ਤਿੰਨ ਹੁਨਰ ਵਿਕਾਸ ਕੇਂਦਰ ਸਥਾਪਿਤ ਕਰਨ ਦੀ ਪ੍ਰਕਿਰਿਆ ਵਿਚ ਹਨ।

20. ਇਸ ਮਿਸ਼ਨ ਦੇ ਤਹਿਤ ਮੈਂ ਨਿਰਮਾਣ ਖੇਤਰ ਵਿਚ ਪ੍ਰਸਿੱਧ ਕੰਪਨੀਆਂ ਦੀ ਭਾਈਵਾਲੀ ਨਾਲ ਤਿੰਨ ਵਿਸੇਸ਼ ਹੁਨਰ ਵਿਕਾਸ ਕੇਂਦਰ ਸਥਾਪਤ ਕਰਨ ਦੀ ਤਜਵੀਜ਼ ਕਰਦਾ ਹਾਂ। ਉਨ੍ਹਾਂ ਦੇ ਬਰੂਹਾਂ ਉੱਤੇ ਹੀ ਹੁਨਰ ਸਿਖਲਾਈ ਦੇਣ ਲਈ ਪਿੰਡ ਵਿਚ ਮੌਜੂਦ ਸਰਕਾਰੀ ਸਕੂਲਾਂ ਅਤੇ ਹੋਰ ਇਮਾਰਤਾਂ ਵਿਚ, ਜਦੋਂ ਉਹ ਵਰਤੋਂ ਵਿਚ ਨਾ ਹੋਣ, ਲੜਕੀਆਂ ਦੇ ਲਈ 2000 ਅਤੇ ਲੜਕਿਆਂ ਦੇ ਲਈ 500 ਹੁਨਰ ਸਿਖਲਾਈ ਕੇਂਦਰ ਪਿੰਡ ਪੱਧਰ ਉਤੇ ਖੋਲ੍ਹੇ ਜਾਣਗੇ। ਇਨ੍ਹਾਂ ਪਹਿਲ ਕਦਮੀਆਂ 'ਤੇ ਰਾਜ ਸਰਕਾਰ 200 ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਤਜਵੀਜ਼ ਕਰਦੀ ਹੈ।

## ਉਚੇਰੀ ਸਿੱਖਿਆ ਨੂੰ ਸਹਾਇਤਾ

21. ਸ੍ਰੀਮਾਨ ਜੀ, ਇਹ ਯਕੀਨੀ ਬਣਾਉਣ ਲਈ ਕਿ ਕੇਵਲ ਫੰਡਾਂ ਦੀ ਘਾਟ ਕਾਰਨ ਗਰੀਬ ਵਿਦਿਆਰਥੀ ਉਚ ਸਿੱਖਿਆ ਪ੍ਰਾਪਤ ਕਰਨ ਤੋਂ ਵਾਂਝੇ ਨਾ ਰਹਿ ਜਾਣ, ਨੀਲਾ ਕਾਰਡ ਧਾਰਕ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਕੌਮੀ ਮਹੱਤਤਾ ਵਾਲੀਆਂ ਸੰਸਥਾਵਾਂ (ਇੰਸਟੀਚਿਊਟਸ ਆਫ਼ ਨੈਸ਼ਨਲ ਇੰਪੌਰਟੈਂਸ) ਵਿਚ ਦਾਖ਼ਲਾ ਲੈਣ ਲਈ ਸਿੱਖਿਆ ਫ਼ੰਡ ਪ੍ਰਦਾਨ ਕਰਦੇ ਹੋਏ ਪ੍ਰਸੰਨਤਾ ਮਹਿਸੂਸ ਹੋ ਰਹੀ ਹੈ।

## ਖੇਡਾਂ

22. ਸ਼੍ਰੀਮਾਨ ਜੀ, ਖੇਡ ਜਗਤ ਵਿਚ ਪੰਜਾਬੀਆਂ ਦੇ ਯੋਗਦਾਨ ਨੂੰ ਸਾਰੇ ਸੰਸਾਰ ਵਿਚ ਜਾਣਿਆਂ ਜਾਂਦਾ ਹੈ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਬਹੁਤ ਸਾਰੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿਚ ਦੇਸ਼ ਦੀ ਪ੍ਰਤਿਨਿਧਤਾ ਕੀਤੀ ਹੈ। ਪੰਜਾਬੀਆਂ ਦੀਆਂ ਯੋਗਤਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰਤਿਭਾ ਨੂੰ ਸਹੀ ਸਮੇਂ ਤੇ ਸੰਭਾਲਣ, ਅੰਤਰਰਾਸ਼ਟਰੀ ਪੱਧਰ ਤੇ ਖਿਡਾਰੀ ਪੈਦਾ ਕਰਨ ਅਤੇ ਸਿਖਲਾਈ ਦੇਣ ਅਤੇ ਉਹਨਾਂ ਵਿਚ ਮੈਡਲ ਜਿੱਤਣ ਵਾਲੀਆਂ ਸੰਭਾਵਨਾਵਾਂ ਪੈਦਾ ਕਰਨ ਲਈ ਸਾਡੀ ਸਰਕਾਰ ਨੇ ਪੰਜਾਬ ਖੇਡ ਸੰਸਥਾ ਦੀ ਸਥਾਪਨਾ ਕੀਤੀ ਹੈ। ਪੰਜਾਬ ਖੇਡ ਸੰਸਥਾ ਦੇ ਅਧੀਨ 12 ਸਨਾਖ਼ਤ ਕੀਤੀਆਂ ਖੇਡਾਂ ਲਈ ਉਤਮ ਦਰਜੇ ਦੇ ਕੇਂਦਰ ਹੋਣਗੇ। ਸਮੁੱਚੇ ਰਾਜ ਵਿਚੋਂ 14 ਸਾਲ ਦੀ ਉਮਰ ਤੋਂ ਉਪਰ ਵਾਲੇ ਲਗਭਗ 6000 ਖਿਡਾਰੀਆਂ ਦੀ ਸਨਾਖ਼ਤ ਕੀਤੀ ਜਾਵੇਗੀ ਅਤੇ ਰਾਜ ਦੇ ਵੱਖ-ਵੱਖ ਭਾਗਾਂ ਵਿਚ ਸਥਾਪਿਤ ਇਹਨਾਂ ਉਤਮ ਦਰਜੇ ਦੇ ਕੇਂਦਰਾਂ ਵਿਚ ਸਿਖਲਾਈ ਦਿੱਤੀ ਜਾਵੇਗੀ। ਦਾਖ਼ਲ ਕੀਤੇ ਖਿਡਾਰੀਆਂ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਉਪਲਬਧ ਕਰਵਾਇਆ ਜਾਵੇਗਾ ਅਤੇ ਮਾਹਿਰ ਭਾਰਤੀ ਅਤੇ ਵਿਦੇਸ਼ੀ ਕੋਚਾਂ ਦੀ ਨਿਗਰਾਨੀ ਹੇਠ ਆਧੁਨਿਕ ਲੀਹਾਂ ਉਪਰ ਸਿਖਲਾਈ ਦੇਣ ਅਤੇ ਉਨ੍ਹਾਂ ਦੀ ਪੜ੍ਹਾਈ ਲਈ ਪ੍ਰਬੰਧ ਕੀਤੇ ਜਾਣਗੇ। ਪੰਜਾਬ ਖੇਡ ਸੰਸਥਾ ਦਾ ਸਾਲਾਨਾ ਬਜਟ 50 ਕਰੋੜ ਹੋਵੇਗਾ।

23. ਖੇਡ ਬੁਨਿਆਦੀ ਢਾਂਚੇ ਦੇ ਸਟੇਡੀਅਮਾਂ ਦੇ ਮਜਬੂਤੀਕਰਨ ਲਈ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਤੇ 320 ਕਰੋੜ ਰੁਪਏ ਦੀ ਲਾਗਤ ਨਾਲ ਬਹੁਮੰਤਵੀ ਖੇਡ ਸਟੇਡੀਅਮ ਬਣਾਏ ਜਾਂ ਬਿਹਤਰ ਕੀਤੇ ਜਾਂ ਉਸਾਰੇ ਜਾ ਰਹੇ ਹਨ। ਇਸ ਯਤਨ ਵਿਚ ਪਠਾਨਕੋਟ ਅਤੇ ਫਤਹਿਗੜ੍ਹ ਸਾਹਿਬ ਵਿਖੇ ਇਕ ਬਹੁਮੰਤਵੀ ਸਟੇਡੀਅਮ ਬਣਾਇਆ ਜਾ ਰਿਹਾ ਹੈ। ਬਰਨਾਲਾ ਵਿਖੇ ਮੌਜੂਦਾ ਸਟੇਡੀਅਮ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ। ਅਗਲੇ ਪੰਜਾਂ ਸਾਲਾਂ ਵਿਚ ਮੈਂ ਰਾਜ ਦੇ ਹਰੇਕ ਬਲਾਕ ਵਿਚ ਇਕ ਬਲਾਕ ਪੱਧਰ ਦਾ ਸਟੇਡੀਅਮ ਬਣਾਉਣ ਦੀ ਤਜਵੀਜ਼ ਕਰਦਾ ਹਾਂ। ਫਿਰੋਜ਼ਪੁਰ ਵਿਖੇ 10.31 ਕਰੋੜ ਰੁਪਏ ਦੀ ਲਾਗਤ ਨਾਲ ਇਕ ਹਾਕੀ ਸਟੇਡੀਅਮ ਵੀ ਉਸਾਰਿਆ ਜਾਵੇਗਾ।

## ਸ਼ਹਿਰੀ ਵਿਕਾਸ

24. ਰਾਜ ਦੀ ਕੁਲ ਵਸੋਂ ਦਾ 37 ਫ਼ੀਸਦ ਹਿੱਸਾ ਸ਼ਹਿਰੀ ਵਸੋਂ ਹੈ। ਸਾਡੀ ਸਰਕਾਰ ਵੱਖ-ਵੱਖ ਪਹਿਲ ਕਦਮੀਆਂ ਰਾਹੀਂ ਸ਼ਹਿਰੀਕਰਨ ਦੀਆਂ ਚੁਣੌਤੀਆਂ ਦਾ ਸਫਲਤਾ ਪੂਰਵਕ ਸਾਹਮਣਾ ਕਰ ਰਹੀ ਹੈ। ਸ੍ਰੀਮਾਨ ਜੀ, "ਸਾਰਿਆਂ ਲਈ ਵਾਰਾ ਖਾਣ ਯੋਗ ਮਕਾਨ" ਮੁਹੱਈਆ ਕਰਵਾਉਣ ਦੇ ਸੁਪਨੇ ਨੂੰ ਪੂਰਾ ਕਰਨ ਲਈ ਮੈਂ ਇਕ ਹੋਰ ਤਜਵੀਜ਼ ਕਰਦਾ ਹਾਂ ਅਰਥਾਤ ਹੁਡਕੋ ਦੇ ਸਹਿਯੋਗ ਨਾਲ ਅਗਲੇ ਦੋ ਸਾਲਾਂ ਵਿਚ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ 50,000 ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ। ਇਹ ਮਕਾਨ 20 ਸਾਲਾਂ ਵਿਚ ਆਸਾਨ ਮਾਸਿਕ ਕਿਸਤਾਂ ਦੀ ਸਕੀਮ ਅਧੀਨ ਲਾਭਪਾਤਰੀਆਂ ਨੂੰ ਅਲਾਟ ਕੀਤੇ ਜਾਣਗੇ।

25. ਮੈਂ, ਸਮੁੱਚੇ ਮਿਊਂਸੀਪਲ ਅਤੇ ਕਾਰਪੋਰੇਸ਼ਨ ਸ਼ਹਿਰਾਂ ਵਿਚ 100 ਫ਼ੀਸਦ ਸੀਵਰੇਜ਼ ਅਤੇ ਜਲ ਸਪਲਾਈ ਮੁਹੱਈਆ ਕਰਵਾਉਣ ਦੀ ਸਾਡੀ ਸਰਕਾਰ ਦੀ ਵਚਨਬੱਧਤਾ ਨੂੰ ਵੀ ਦੁਹਰਾਉਂਦਾ ਹਾਂ। ਮੈਨੂੰ "ਪੰਜਾਬ ਸ਼ਹਿਰੀ ਵਿਕਾਸ ਮਿਸ਼ਨ" ਸ਼ੁਰੂਆਤ ਕਰਨ ਦੀ ਘੋਸ਼ਣਾ ਕਰਨ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਜਿਸ ਤਹਿਤ ਸਾਲ 2017 ਦੇ ਅੰਤ ਤਕ ਸਾਰੇ ਸ਼ਹਿਰਾਂ ਵਿਚ 100 ਫ਼ੀਸਦ ਜਲ ਸਪਲਾਈ, ਸੀਵਰੇਜ਼, ਐਸ ਟੀ ਪੀ, ਸੜਕਾਂ ਅਤੇ ਸਟ੍ਰੀਟ ਲਾਈਟਾਂ ਮੁਹੱਈਆ ਕਰਵਾਈਆਂ ਜਾਣਗੀਆਂ।

## ਪੇਂਡੂ ਵਿਕਾਸ

26. ਸ਼ਹਿਰੀਕਰਨ ਦੇ ਤੇਜ਼ੀ ਨਾਲ ਹੋ ਰਹੇ ਵਾਧੇ ਦੇ ਬਾਵਜੂਦ, ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਸਾਡੇ ਪਿੰਡਾਂ ਵਿਚ ਵਸਦਾ ਹੈ। ਪਿੰਡਾਂ ਦਾ ਵਿਕਾਸ ਸਾਡੀ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਇਸ ਨੂੰ ਅੱਗੇ ਲਿਜਾਉਂਦੇ ਹੋਏ ਮੈਂ 'ਮੁੱਖ ਮੰਤਰੀ ਪੇਂਡੂ ਵਿਕਾਸ ਯੋਜਨਾ' ਸ਼ੁਰੂ ਕਰਨ ਦੀ ਤਜਵੀਜ਼ ਕਰਦਾ ਹਾਂ। ਇਹ ਸਕੀਮ, ਬੁਨਿਆਦੀ ਸੁਵਿਧਾਵਾਂ ਦੇ ਉਪਬੰਧ ਰਾਹੀਂ ਪਿੰਡਾਂ ਦੇ ਸਮੁੱਚੇ ਵਿਕਾਸ ਨੂੰ ਦਰਸਾਉਂਦੀ ਹੈ। 2015-16 ਦੇ ਬਜਟ ਵਿਚ 600 ਕਰੋੜ ਰੁਪਏ ਦੀ ਰਕਮ ਇਸ ਸਕੀਮ ਲਈ ਰਾਖਵੀਂ ਕੀਤੀ ਗਈ ਹੈ।

## ਜਲ ਸਪਲਾਈ ਅਤੇ ਸਾਫ਼-ਸਫ਼ਾਈ

27. ਮੈਨੂੰ ਅਜ਼ੀਮ ਸਦਨ ਨਾਲ ਇਹ ਗੱਲ ਸਾਂਝੀ ਕਰਨ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਵਿਸ਼ਵ ਬੈਂਕ ਨੇ 2200 ਕਰੋੜ ਰੁਪਏ ਦੀ ਕੁਲ ਲਾਗਤ ਵਾਲੇ ਛੇ ਸਾਲਾਂ ਵਾਲੇ ਦੂਜੇ ਪੰਜਾਬ ਪੇਂਡੂ ਜਲ ਪੂਰਤੀ ਅਤੇ ਸਾਫ਼-ਸਫ਼ਾਈ ਪ੍ਰਾਜੈਕਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰਾਜੈਕਟ ਦਾ ਮੰਤਵ ਰਾਜ ਵਿਚ ਪੇਂਡੂ ਜਲ ਪੂਰਤੀ ਅਤੇ ਸਾਫ਼-ਸਫ਼ਾਈ ਸੇਵਾਵਾਂ ਅਤੇ ਸੇਵਾ ਪ੍ਰਬੰਧਾਂ ਨੂੰ ਬਿਹਤਰ ਕਰਨਾ ਹੈ। ਇਹ ਪ੍ਰਾਜੈਕਟ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਨਾਲ ਮਿਲ ਕੇ ਸਾਲ 2018 ਤਕ ਰਾਜ ਵਿਚ ਹਰੇਕ ਪਰਿਵਾਰ ਲਈ ਨਿੱਜੀ ਪਾਖ਼ਾਨਿਆਂ ਨੂੰ ਯਕੀਨੀ ਬਣਾਏਗਾ।

## ਸਿਹਤ

28. ਸ੍ਰੀਮਾਨ ਜੀ, ਮੈਂ ਕੇਂਦਰ ਸਰਕਾਰ ਦੁਆਰਾ ਪੰਜਾਬ ਵਿਚ ਇਕ ਏਮਜ਼ ਸੰਸਥਾ ਸਥਾਪਤ ਕੀਤੇ ਜਾਣ ਦੇ ਫ਼ੈਸਲੇ ਦੀ ਸ਼ਲਾਘਾ ਕਰਦਾ ਹਾਂ, ਜਿਸ ਨਾਲ ਰਾਜ ਵਿਚ ਸਿਹਤ ਸੰਭਾਲ ਸਬੰਧੀ ਬੁਨਿਆਦੀ ਢਾਂਚਾ ਹੋਰ ਮਜ਼ਬੂਤ ਹੋਵੇਗਾ। ਮੈਂ "ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ" ਦੀ ਸਹਾਇਤਾ ਦੀ ਤਜਵੀਜ਼ ਕਰਦਾ ਹਾਂ ਜਿਸ ਨਾਲ ਗ਼ਰੀਬੀ ਰੇਖਾ ਤੋਂ ਹੇਠਾਂ ਦੇ 4.50 ਲੱਖ ਪਰਿਵਾਰਾਂ ਦੇ ਨਾਲ-ਨਾਲ 30 ਲੱਖ ਨੀਲਾ ਕਾਰਡ ਧਾਰਕ ਪਰਿਵਾਰਾਂ ਨੂੰ ਸਮਾਰਟ ਕਾਰਡਾਂ ਰਾਹੀਂ ਕੈਸ਼-ਲੈੱਸ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਇਹ ਸਕੀਮ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀ ਲਗਭਗ 1.50 ਕਰੋੜ ਵਸੋਂ ਨੂੰ ਸਿਹਤ ਸਬੰਧੀ ਬਿਮਾਰੀਆਂ ਕਾਰਨ ਹਸਪਤਾਲ ਵਿਚ ਹੋਏ ਖ਼ਰਚਿਆਂ ਦੇ ਵਿੱਤੀ ਬੋਝ ਤੋਂ ਛੁਟਕਾਰਾ ਦਿਵਾਏਗੀ।ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਸਰਕਾਰ ਵੱਲੋਂ 30,000 ਰੁਪਏ ਤਕ ਦੇ ਹਸਪਤਾਲ ਸਬੰਧੀ ਖ਼ਰਚੇ ਦਿੱਤੇ ਜਾਣਗੇ। ਸਾਲ 2015-16 ਦੇ ਸਾਲਾਨਾ ਬਜਟ ਵਿਚ 50.00 ਕਰੋੜ ਰੁਪਏ ਦਾ ਮੁਢਲਾ ਉਪਬੰਧ ਕੀਤਾ ਗਿਆ ਹੈ।

## ਇਸਤਰੀਆਂ

29. ਇਹ ਸਹੀ ਕਿਹਾ ਗਿਆ ਹੈ ਕਿ ਜੇਕਰ ਤੁਸੀਂ ਇਕ ਔਰਤ ਨੂੰ ਸਿੱਖਿਆ ਦਿੰਦੇ

ਹੋ ਤਾਂ ਸਮਝੋ ਇਕ ਪੀੜ੍ਹੀ ਨੂੰ ਸਿੱਖਿਆ ਪ੍ਰਦਾਨ ਕਰ ਰਹੇ ਹੋ। ਸਿੱਖਿਆ ਇਸਤਰੀ ਸਸ਼ਕਤੀਕਰਨ ਦਾ ਧੁਰਾ ਹੈ। ਅੱਜ ਵੀ ਸਾਡੀਆਂ ਬਹੁਤ ਸਾਰੀਆਂ ਵਿਦਿਆਰਥਣਾਂ ਵਿਸ਼ੇਸ਼ ਕਰਕੇ ਪੇਂਡੂ ਖੇਤਰਾਂ ਦੀਆਂ ਵਿਦਿਆਰਥਣਾਂ, ਸਕੂਲਾਂ ਵਿਚ ਲੜਕੀਆਂ ਦੇ ਪਾਖ਼ਾਨਿਆਂ ਦੀਆਂ ਮੁਢਲੀਆਂ ਸਹੂਲਤਾਂ ਦੀ ਘਾਟ ਕਾਰਨ ਸਕੂਲ ਸਿੱਖਿਆ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।ਸ੍ਰੀਮਾਨ ਜੀ, ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਕੋਈ ਵੀ ਵਿਦਿਆਥਣ ਸਕੂਲ ਵਿਚ ਮੁਢਲੀਆਂ ਸਹੂਲਤਾਂ ਦੀ ਘਾਟ ਕਰਕੇ ਸਿੱਖਿਆ ਲੈਣ ਤੋਂ ਵਾਂਝੀ ਨਾ ਰਹੇ, ਮੈਂ, ਪੰਜਾਬ ਵਿੱਚ ਲੜਕੀਆਂ ਦੇ ਸਕੂਲਾਂ ਦੇ ਮਜ਼ਬੂਤੀਕਰਨ ਸਕੀਮ ਦੀ ਤਜਵੀਜ਼ ਕਰਦਾ ਹਾਂ। ਇਸ ਸਕੀਮ ਤਹਿਤ 144 ਸੀ ਡੀ ਬਲਾਕਾਂ ਵਿਚ 121 ਸਰਕਾਰੀ ਲੜਕੀਆਂ ਦੇ ਹਾਈ ਸਕੂਲ/ ਸੀਨੀਅਰ ਸੈਕੰਡਰੀ ਸਕੂਲਾਂ ਦਾ ਮਜ਼ਬੂਤੀਕਰਨ ਕੀਤਾ ਜਾਵੇਗਾ। ਸਾਲ 2015-16 ਲਈ ਇਸ ਸਕੀਮ ਅਧੀਨ 20 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ।

## ਅਨੁਸੂਚਿਤ ਜਾਤੀ ਭਲਾਈ

30. ਅਨੁਸੂਚਿਤ ਜਾਤੀਆਂ ਦੀ ਭਲਾਈ ਸਮੁੱਚੇ ਵਿਕਾਸ ਦੀ ਸਾਡੀ ਨੀਤੀ ਦਾ ਇਕ ਅਨਿੱਖੜਵਾਂ ਅੰਗ ਹੈ। 50 ਫ਼ੀਸਦ ਤੋਂ ਵੱਧ ਦੀ ਅਨੁਸੂਚਿਤ ਜਾਤੀ ਵਸੋਂ ਵਾਲੇ ਸਾਰੇ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਮੈਂ, ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਤਹਿਤ ਸਾਲ 2015-16 ਵਿਚ 45 ਕਰੋੜ ਰੁਪਏ ਦੀ ਰਾਸ਼ੀ ਰਾਖਵੀਂਕਰਣ ਦੀ ਤਜਵੀਜ਼ ਕਰਦਾ ਹਾਂ।

## ਘੱਟ ਗਿਣਤੀ ਭਲਾਈ

31. ਸਾਡੀ ਸਰਕਾਰ, ਰਾਜ ਵਿਚ ਘੱਟ ਗਿਣਤੀ ਲੋਕਾਂ ਦੇ ਹਿੱਤਾਂ ਪ੍ਰਤਿ ਸੁਚੇਤ ਹੈ। ਅਸੀਂ ਉਹਨਾਂ ਦੀ ਭਲਾਈ ਅਤੇ ਉਹਨਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਵਚਨਬੱਧ ਹਾਂ। ਸ੍ਰੀਮਾਨ ਜੀ, ਸਾਲ 2015-16 ਲਈ ਮੈਂ, ਰਾਜ ਵਿਚ ਮੁਸਲਿਮ ਅਤੇ ਇਸਾਈ ਭਾਈਚਾਰੇ ਲਈ ਕਬਰਿਸਤਾਨਾਂ ਦੀ ਸਥਾਪਨਾ ਲਈ 10 ਕਰੋੜ ਰੁਪਏ ਦੀ ਰਕਮ ਰਾਖਵੀਂ ਕਰਨ ਦੀ ਤਜਵੀਜ਼ ਕਰਦਾ ਹਾਂ।

## ਹਰਾ ਪੰਜਾਬ

32. ਸ੍ਰੀਮਾਨ ਜੀ, ਹੁਣੇ ਜਿਹੇ ਹੀ ਸੰਸਦ ਨੇ, ਬੈਟਰੀ ਊਰਜਾ ਨਾਲ ਚਲਣ ਵਾਲੇ ਈ-ਰਿਕਸ਼ਿਆਂ ਨੂੰ ਵਪਾਰਕ ਢੋਆ-ਢੁਆਈ ਵਜੋਂ ਮਾਨਤਾ ਦੇਣ ਲਈ ਮੋਟਰ ਵਹੀਕਲ (ਸੋਧ) ਬਿਲ ਪਾਸ ਕੀਤਾ ਹੈ। ਰਾਜ ਸਰਕਾਰ ਨੇ ਸ਼ਹਿਰਾਂ ਵਿਚ ਪ੍ਰਦੂਸ਼ਣ ਦੀ ਰੋਕਥਾਮ ਲਈ ਅਤੇ ਗ਼ਰੀਬਾਂ ਨੂੰ ਰੋਜ਼ਗਾਰ ਦੇਣ ਦੇ ਦੋਹਰੇ ਮੰਤਵ ਨਾਲ ਪਹਿਲੇ ਪੜਾਅ ਵਿਚ ਪੁਰਾਣੇ ਨਿਗਮ ਕਸਬਿਆਂ ਵਿਚ ਈ-ਰਿਕਸ਼ੇ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਸਰਕਾਰ ਈ-ਰਿਕਸ਼ੇ ਖਰੀਦਣ ਲਈ ਲੋਕਾਂ ਨੂੰ ਲੁਭਾਵਣੇ ਕਰਜ਼ੇ ਦੇਣ ਲਈ ਇੱਕ ਸਕੀਮ ਦੀ ਸ਼ੁਰੂਆਤ ਕਰੇਗੀ।

## ਸੈਰ-ਸਪਾਟਾ ਅਤੇ ਸਭਿਆਚਾਰ

33. ਸ੍ਰੀਮਾਨ ਜੀ, ਸਾਡੀ ਸਰਕਾਰ ਰਾਜ ਦੀ ਅਮੀਰ ਸਭਿਆਚਾਰਕ ਵਿਰਾਸਤ ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਪੇਸ਼ਕਾਰੀ ਲਈ ਅਤੇ ਸੈਰ ਸਪਾਟਾ ਖੇਤਰ ਵਿਚ ਇਸ ਦੀ ਸ਼ਾਨ ਤੋਂ ਜਾਣੂ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦੇ ਸੁਪਨਿਆਂ ਮੁਤਾਬਿਕ, ਸਾਡੀ ਸਰਕਾਰ ਮਹੱਤਵਪੂਰਨ ਸ਼ਖ਼ਸੀਅਤਾਂ ਅਤੇ ਘਟਨਾਵਾਂ ਦੀ ਯਾਦ ਵਿਚ ਯਾਦਗਾਰੀ ਸਮਾਰਕਾਂ ਦੀ ਸਥਾਪਨਾ ਕਰ ਰਹੀ ਹੈ। ਕਰਤਾਰਪੁਰ ਵਿਖੇ, ਆਜ਼ਾਦੀ ਸੰਘਰਸ਼ ਵਿਚ ਸ਼ਮੂਲੀਅਤ ਕਰਨ ਵਾਲੇ ਪੰਜਾਬ ਦੇ ਲੋਕਾਂ ਦੀ ਯਾਦ ਵਿਚ ਇੱਕ ਆਲ੍ਹਾ ਦਰਜੇ ਦਾ ਯਾਦਗਾਰੀ ਸਮਾਰਕ- 'ਜੰਗ-ਏ-ਆਜ਼ਾਦੀ' ਸਥਾਪਤ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਵਿਖੇ ਭਗਵਾਨ ਬਾਲਮੀਕੀ ਤੀਰਥ ਸਥਲ (ਰਾਮ ਤੀਰਥ) ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਖੁਰਾਲਗੜ੍ਹ ਵਿਖੇ ਗੁਰੂ ਰਵਿਦਾਸ ਯਾਦਗਾਰੀ ਸਮਾਰਕ, ਫਿਰੋਜ਼ਪੁਰ ਵਿਖੇ ਭਾਈ ਮਰਦਾਨਾ ਜੀ ਯਾਦਗਾਰੀ ਸਮਾਰਕ ਅਤੇ ਫਤਿਹਗੜ੍ਹ ਸਾਹਿਬ ਵਿਖੇ ਬਾਬਾ ਮੋਤੀ ਰਾਮ ਮਹਿਰਾ ਜੀ ਯਾਦਗਾਰੀ ਸਮਾਰਕ ਵੀ ਪੁਨਰ ਸਥਾਪਤ ਕੀਤੇ ਜਾ ਰਹੇ ਹਨ। ਇਨ੍ਹਾਂ ਕਾਰਜਾਂ ਲਈ 500 ਕਰੋੜ ਰੁਪਏ ਰੱਖੇ ਗਏ ਹਨ।

34. ਸ੍ਰੀਮਾਨ ਜੀ, ਮੈਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪਵਿੱਤਰ

ਸ਼ਹਿਰ ਅੰਮ੍ਰਿਤਸਰ ਵਿਚ ਸੈਰ-ਸਪਾਟਾ ਅਤੇ ਸਭਿਆਚਾਰਕ ਕਾਰਜਾਂ ਨੂੰ ਪੂਰਾ ਕਰਨ ਲਈ 500 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਗਈ ਹੈ।ਤਜਵੀਜ਼ ਕੀਤੇ ਗਏ ਮੁੱਖ ਕਾਰਜਾਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਦੀ ਡਿਉਢੀ ਵਿਚ ਐਂਟਰੈਂਸ ਪਲਾਜ਼ਾ ਦੀ ਉਸਾਰੀ ਤੋਂ ਇਲਾਵਾ, ਸ੍ਰੀ ਹਰਿਮੰਦਰ ਸਾਹਿਬ, ਜੱਲ੍ਹਿਆਂਵਾਲਾ ਬਾਗ, ਟਾਊਨ ਹਾਲ ਅਤੇ ਹਾਲ ਗੇਟ ਦੇ ਆਲੇ ਦੁਆਲੇ ਦੀ ਬਾਹਰੀ ਸਜਾਵਟ ਵਿਚ ਸੁਧਾਰ ਸ਼ਾਮਲ ਹਨ।

## ਹੋਰ ਤਜਵੀਜ਼ਾਂ

35. ਸ੍ਰੀਮਾਨ ਜੀ, ਖੁੱਲ੍ਹੇ ਘੁੰਮਦੇ ਪਸ਼ੂਆਂ ਦੀ ਦੇਖਭਾਲ ਲਈ ਹਰੇਕ ਜ਼ਿਲ੍ਹੇ ਵਿਚ ਇਕ ਗਊਸ਼ਾਲਾ ਸਥਾਪਤ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ। ਹਰੇਕ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਇਕ 'ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ' ਸਥਾਪਤ ਕੀਤੀ ਜਾਵੇਗੀ। ਇਹ ਪਹਿਲ ਕਦਮੀ, ਖੁੱਲ੍ਹੇ ਘੁੰਮਦੇ ਡੰਗਰਾਂ ਕਾਰਨ ਹੋਈਆਂ ਗੰਭੀਰ ਦੁਰਘਟਨਾਵਾਂ ਦੀ ਰੋਕਥਾਮ ਅਤੇ ਇਨ੍ਹਾਂ ਪਸ਼ੂਆਂ ਵਲੋਂ ਫ਼ਸਲਾਂ ਨੂੰ ਕੀਤੇ ਜਾਂਦੇ ਨੁਕਸਾਨ ਤੋਂ ਕਿਸਾਨਾਂ ਨੂੰ ਸੁਰੱਖਿਅਤ ਰੱਖਣ ਵਿਚ ਲਾਹੇਵੰਦ ਸਿੱਧ ਹੋਵੇਗੀ।

36. ਅਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਲਈ ਮੈਂ ਹਰੇਕ ਜ਼ਿਲ੍ਹੇ ਵਿਚ ਕੁੱਤਾਖ਼ਾਨਾ ਸਥਾਪਤ ਕਰਨ ਦੀ ਵੀ ਤਜਵੀਜ਼ ਕਰਦਾ ਹਾਂ। ਇਹ ਕੁੱਤਾਖ਼ਾਨੇ ਅਵਾਰਾ ਕੁੱਤਿਆਂ ਨੂੰ ਸਾਂਭ-ਸੰਭਾਲ ਅਤੇ ਪਨਾਹ ਮੁਹੱਈਆ ਕਰਵਾਉਣਗੇ।

**ਭਾਗ–ਅ**

ਸ੍ਰੀਮਾਨ ਜੀ, ਹੁਣ ਮੈਂ ਯੋਜਨਾ ਤਜਵੀਜ਼ਾਂ ਨੂੰ ਵਿਸਥਾਰਪੂਰਵਕ ਪੇਸ਼ ਕਰਨਾ ਚਾਹਾਂਗਾ।

## ਯੋਜਨਾ ਆਕਾਰ ਅਤੇ ਕਾਰਗੁਜ਼ਾਰੀ

37. ਸਾਲ 2006-07 ਤੋਂ ਰਾਜ ਦੀ ਪ੍ਰਵਾਨਤ ਸਾਲਾਨਾ ਯੋਜਨਾ ਅਤੇ ਇਸ ਨੂੰ ਲਾਗੂ ਕਰਨ ਵਿਚ ਮਹੱਤਵਪੂਰਨ ਵਾਧਾ ਕੀਤਾ ਗਿਆ ਹੈ। ਸਾਲ 2006-07 ਦੌਰਾਨ ਪ੍ਰਵਾਨਤ ਸਾਲਾਨਾ ਯੋਜਨਾ 4,000 ਕਰੋੜ ਰੁਪਏ ਸੀ, ਜੋ ਕਿ ਸਾਲ 2014-15 ਵਿਚ ਵਧ ਕੇ 20,100 ਕਰੋੜ ਰੁਪਏ ਹੋ ਗਈ। ਸਾਲ 2011-12 ਦੌਰਾਨ ਸਾਲਾਨਾ ਯੋਜਨਾ ਲਾਗੂਕਰਨ 65 ਫ਼ੀਸਦ, ਸਾਲ 2012-13 ਦੌਰਾਨ 72 ਫ਼ੀਸਦ ਅਤੇ ਸਾਲ 2013-14 ਦੌਰਾਨ 73 ਫ਼ੀਸਦ ਸੀ। ਇਸੇ ਤਰ੍ਹਾਂ ਸਾਲ 2014-15 ਵਿਚ ਵਿੱਤੀ ਪ੍ਰਾਪਤੀ 80 ਫ਼ੀਸਦ ਤੱਕ ਹੋਣ ਦੀ ਆਸ ਹੈ।ਸਾਲ 2015-16 ਲਈ ਯੋਜਨਾ ਆਕਾਰ 21,174 ਕਰੋੜ ਰੁਪਏ ਹੈ ਜੋ ਕੇ ਪਿਛਲੇ ਸਾਲ ਨਾਲੋਂ 5 ਫ਼ੀਸਦ ਵਧੇਰੇ ਹੈ। ਭਾਰਤ ਸਰਕਾਰ ਵਲੋਂ ਰਾਜਾਂ ਨੂੰ ਕੇਂਦਰੀ ਸਹਾਇਤਾ ਵਿਚ ਸੰਭਾਵੀ ਤਬਦੀਲੀ ਕਾਰਨ ਸਾਲਾਨਾ ਯੋਜਨਾ 2015-16 ਦੇ ਆਕਾਰ ਵਿਚ ਇਹ ਵਾਧਾ ਨਾਮ ਮਾਤਰ ਹੈ।

38. ਇਸ ਤੋਂ ਇਲਾਵਾ ਕੇਂਦਰੀ ਸਰਕਾਰ ਨੇ ਕੇਂਦਰ ਵਲੋਂ ਸਪਾਂਨਸਰਡ 66 ਸਕੀਮਾਂ ਮੁੜ ਤਿਆਰ ਕੀਤੀਆਂ ਹਨ, ਅਰਥਾਤ (i) ਕੇਂਦਰੀ ਸਰਕਾਰ ਵਲੋਂ ਪੂਰਨ ਸਹਿਯੋਗ ਵਾਲੀਆਂ ਸਕੀਮਾਂ, (ii) ਕੇਂਦਰ ਦੇ ਸਹਿਯੋਗ ਤੋਂ ਅਲੱਗ ਕੀਤੀਆਂ ਸਕੀਮਾਂ ਅਤੇ (iii) ਬਦਲੇ ਗਏ ਹਿੱਸਾ ਪੱਧਤੀ ਅਧੀਨ ਚਲਾਈਆਂ ਜਾਣ ਵਾਲੀਆਂ ਸਕੀਮਾਂ। ਭਾਰਤ ਸਰਕਾਰ ਤੋਂ ਇਹਨਾਂ ਸਕੀਮਾਂ ਸਬੰਧੀ ਵਿਸਤ੍ਰਿਤ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ।

## ਖੇਤੀਬਾੜੀ

## ਖੇਤੀਬਾੜੀ ਫ਼ਸਲੀਕਰਣ

39. ਪਿਛਲੇ ਚਾਰ ਦਹਾਕਿਆਂ ਤੋਂ ਦੇਸ਼ ਦੀ ਖ਼ੁਰਾਕ ਸੁਰੱਖਿਆ ਲਈ ਭਾਰਤ ਸਰਕਾਰ ਵਲੋਂ ਪ੍ਰਾਪਤ ਕੀਤੀ ਜਾ ਰਹੀ ਕਣਕ-ਚਾਵਲ ਦੀ ਮਾਤਰਾ ਦਾ ਪੰਜਾਬ 50-60 ਫ਼ੀਸਦ

ਕਣਕ ਅਤੇ 35-40 ਫ਼ੀਸਦ ਚਾਵਲ ਦਾ ਯੋਗਦਾਨ ਪਾਉਂਦਾ ਹੈ। ਮੈਂ ਮੌਜੂਦਾ ਹਾੜੀ ਰੁੱਤ ਵਿਚ ਕਣਕ ਦਾ ਰਿਕਾਰਡ ਉਤਪਾਦਨ ਕਰਨ ਲਈ ਕਿਸਾਨਾਂ ਨੂੰ ਵਧਾਈ ਦਿੰਦਾ ਹਾਂ। ਰਾਜ ਵਲੋਂ ਪਿਛਲੇ ਸਾਲ 119 ਲੱਖ ਮੀਟ੍ਰਿਕ ਟਨ ਪ੍ਰਾਪਤੀ ਦੇ ਮੁਕਾਬਲੇ ਹਾੜੀ ਦੀ ਰੁੱਤ 2014 ਵਿਚ 176 ਲੱਖ ਮੀਟ੍ਰਿਕ ਟਨ ਤੱਕ ਦਾ ਕਣਕ ਦੇ ਉਤਪਾਦਨ ਦਾ ਉਛਾਲ ਆਇਆ। ਤਕਰੀਬਨ 4,778 ਕਰੋੜ ਰੁਪਏ ਦੀ ਲਾਗਤ ਦੀ ਕਿਸਾਨਾਂ ਨੂੰ ਦਿੱਤੀ ਗਈ ਮੁਫ਼ਤ ਬਿਜਲੀ ਨੇ ਇਸ ਸਬੰਧ ਵਿਚ ਬਹੁਤ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਰਾਜ ਸਰਕਾਰ ਨੇ ਸਾਲ 2014-15 ਵਿਚ ਰਾਜ ਵਿਚ ਕਣਕ ਅਤੇ ਝੋਨੇ ਦੀ ਖਰੀਦ ਲਈ 38,765 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਕੁਦਰਤੀ ਆਫ਼ਤਾਂ ਕਰਕੇ ਹੋਏ ਨੁਕਸਾਨ ਦੀ ਪੂਰਤੀ ਲਈ 2,000 ਤੋਂ 5,000 ਪ੍ਰਤੀ ਏਕੜ ਦੇ ਮੁਆਵਜ਼ੇ ਦਾ ਵਾਧਾ ਕੀਤਾ ਗਿਆ ਹੈ।

40. ਰਾਜ ਵਿਚ ਫ਼ਸਲੀ ਵਿਭਿੰਨਤਾ ਦੀ ਪ੍ਰਕਿਰਿਆ ਸਫ਼ਲਤਾਪੂਰਵਕ ਚਲ ਰਹੀ ਹੈ। ਚਾਰ ਮੱਕੀ ਸੁਕਾਉਣ ਵਾਲੀਆਂ ਇਕਾਈਆਂ ਲਗਾਈਆਂ ਗਈਆਂ ਹਨ ਅਤੇ ਤਿੰਨ ਹੋਰ ਇਕਾਈਆਂ ਪ੍ਰਗਤੀ ਅਧੀਨ ਹਨ। ਕਪਾਹ ਬੀਜਣ ਤੋਂ ਲੈ ਕੇ ਕਪਾਹ ਚੁਣਨ ਤੱਕ ਕਪਾਹ ਉਤਪਾਦਨ ਵਿਧੀ ਦਾ ਮਸ਼ੀਨੀਕਰਨ ਕਰਨ ਲਈ ਪ੍ਰਾਜੈਕਟ ਆਰੰਭ ਕੀਤਾ ਹੈ। ਹਰੇਕ ਸਾਲ ਤਕਰੀਬਨ 4,000 ਹੈਕਟੇਅਰ ਵਧੀਕ ਰਕਬੇ ਲਈ ਬਿਮਾਰੀ ਮੁਕਤ ਅਤੇ ਸਿਹਤਮੰਦ ਫ਼ਲਾਂ ਦੇ ਪੌਦੇ ਸਪਲਾਈ ਕੀਤੇ ਜਾਂਦੇ ਹਨ। ਇਸ ਖੇਤਰ ਦੀ ਬਿਹਤਰੀ ਲਈ ਖੱਟਾ ਪ੍ਰਜਾਤੀ, ਅਮਰੂਦ, ਲੀਚੀ ਅਤੇ ਨਾਸ਼ਪਾਤੀ (ਨਾਖਾਂ) ਫ਼ਲਾਂ ਦੇ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਲਈ ਰਾਜ ਵਿਚ ਬਾਗਬਾਨੀ ਵਿਕਾਸ ਬੋਰਡ ਦੀ ਸਥਾਪਨਾ ਕੀਤੀ ਜਾ ਰਹੀ ਹੈ। ਪਟਿਆਲਾ, ਅਟਾਰੀ (ਅੰਮ੍ਰਿਤਸਰ) ਅਤੇ ਬੀੜ ਚੜਿਕ (ਮੋਗਾ) ਵਿਚ ਉਚ ਤਕਨੀਕੀ ਸਬਜ਼ੀ ਪਨੀਰੀ ਤਿਆਰ ਕਰਨ ਲਈ ਨਰਸਰੀਆਂ ਸਥਾਪਤ ਕਰਨ ਲਈ ਤਜਵੀਜ਼ ਹੈ। ਲਾਢੋਵਾਲ ਵਿਖੇ 200 ਏਕੜ ਭੂਮੀ ਵਿਚ ਬਹੁ ਉਤਪਾਦਨ ਮੈਗਾ ਫ਼ੂਡ ਪਾਰਕ ਸਥਾਪਤ ਕਰਨ ਦੀ ਤਜਵੀਜ਼ ਹੈ। ਕਰਤਾਰਪੁਰ (ਜਲੰਧਰ) ਵਿਖੇ 15 ਏਕੜ ਰਕਬੇ ’ਤੇ ਇਜ਼ਰਾਈਲ ਸਰਕਾਰ ਦੇ ਸਹਿਯੋਗ ਨਾਲ ਸਬਜ਼ੀਆਂ ਦੀ ਕਾਸ਼ਤਕਾਰੀ ਲਈ ਇਕ ਉੱਚ ਦਰਜੇ ਦੇ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ ਅਤੇ ਇੰਡੋ-ਡੱਚ ਇਕਰਾਰਨਾਮੇ ਤਹਿਤ ਪਿੰਡ ਧੋਗੜੀ (ਜਲੰਧਰ) ਵਿਖੇ ਆਲੂਆਂ ਲਈ ਇਕ ਉੱਚ

ਦਰਜੇ ਦੇ ਕੇਂਦਰ ਦੀ ਸਥਾਪਨਾ ਕੀਤੀ ਜਾ ਰਹੀ ਹੈ। ਬੰਕਰ ਪ੍ਰਣਾਲੀ ਵਾਲੇ ਮੌਜੂਦਾ ਕੋਲਡ ਸਟੋਰਾਂ ਦਾ ਅਗਲੇ ਤਿੰਨ ਸਾਲਾਂ ਵਿਚ ਆਧੁਨਿਕੀਕਰਣ ਕਰਨਾ ਤਜਵੀਜ਼ ਕੀਤਾ ਗਿਆ ਹੈ।

41. ਸਾਡੀ ਸਰਕਾਰ ਰਾਜ ਵਿਚ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦੇ ਮਜ਼ਬੂਤੀਕਰਨ ਲਈ ਵਚਨਬੱਧ ਹੈ ਅਤੇ ਮੈਂ ਖੇਤੀਬਾੜੀ ਸੈਕਟਰ ਲਈ 3,512 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ। ਸਾਲਾਨਾ ਯੋਜਨਾ 2015-16 ਲਈ ਕੁਝ ਯੋਜਨਾਵਾਂ ਹੇਠ ਲਿਖੇ ਅਨੁਸਾਰ ਹਨ :-

- 600 ਕਰੋੜ ਰੁਪਏ - ਗੰਨਾ ਉਤਪਾਦਕਾਂ ਨੂੰ ਅਦਾਇਗੀ ਲਈ
- 300 ਕਰੋੜ ਰੁਪਏ - ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲਈ
- 230 ਕਰੋੜ ਰੁਪਏ -ਆਰ ਕੇ ਵੀ ਵਾਈ ਤਹਿਤ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦੇ ਮਜ਼ਬੂਤੀਕਰਣ ਲਈ
- 63.50 ਕਰੋੜ ਰੁਪਏ - ਰਾਸ਼ਟਰੀ ਬਾਗਬਾਨੀ ਮਿਸ਼ਨ ਲਈ
- 50 ਕਰੋੜ ਰੁਪਏ - ਰਾਸ਼ਟਰੀ ਖ਼ੁਰਾਕ ਸੁਰੱਖਿਆ ਮਿਸ਼ਨ ਲਈ

## ਭੂਮੀ ਅਤੇ ਜਲ ਸੰਭਾਲ

42. ਸਰਕਾਰ, ਰਾਜ ਵਿਚ ਭੂਮੀ ਅਤੇ ਜਲ ਸੰਭਾਲ ਦੀ ਲੋੜ ਬਾਰੇ ਜਾਗਰੂਕ ਹੈ। ਅਗੇਤਾ ਝੋਨਾ ਲਗਾਉਣ ਉਤੇ ਰੋਕ ਲਗਾਉਣ ਵਰਗੇ ਮਸਲੇ ਦੇ ਹੱਲ ਲਈ ਸਰਕਾਰ ਵਲੋਂ ਬਹੁਤ ਸਾਰੀਆਂ ਪਹਿਲ ਕਦਮੀਆਂ ਕੀਤੀਆਂ ਗਈਆਂ ਹਨ ਅਤੇ ਕਿਸਾਨਾਂ ਨੂੰ ਸਬਸਿਡੀ ਵਾਲੀਆਂ ਮਸ਼ੀਨਾਂ ਜਿਵੇਂ ਕਿ ਹੈਪੀ ਸੀਡਰਜ਼, ਰੋਟਾਵੇਟਰ, ਜ਼ੀਰੋ-ਟਿਲ-ਡਰਿਲ, ਲੇਜ਼ਰ ਲੈਂਡ ਲੈਵਲਰਜ਼, ਬੇਲਰਜ਼, ਅਤੇ ਰੈਕਸ ਉਪਲੱਬਧ ਕਰਵਾਏ ਜਾ ਰਹੇ ਹਨ। ਉਪਲਬਧ ਜਲ ਅਤੇ ਭੂਮੀ ਸੰਭਾਲ ਉਪਾਵਾਂ ਦੀ ਉਚਿਤ ਵਰਤੋਂ ਲਈ ਮੈਂ 181 ਕਰੋੜ ਰੁਪਏ ਦੇ ਰਾਖਵੇਂਕਰਣ ਦੀ ਤਜਵੀਜ਼ ਕਰਦਾ ਹਾਂ।

## ਸਹਾਇਕ ਧੰਦੇ

43. ਪੇਂਡੂ ਖੇਤਰਾਂ ਵਿਚ ਵੱਡੀ ਰੁਜ਼ਗਾਰ ਸਿਰਜਨ ਸਮਰੱਥਾ ਹੋਣ ਕਰਕੇ ਇਹ

ਸੈਕਟਰ ਸਰਕਾਰ ਦੇ ਵਿਸ਼ੇਸ਼ ਤੌਰ ਤੇ ਧਿਆਨ ਦਾ ਕੇਂਦਰ ਹੈ। ਪਸ਼ੂ ਧਨ ਸੈਕਟਰ ਨੂੰ ਵਧਾਉਣ ਲਈ ਡੇਅਰੀ, ਸੂਰ ਪਾਲਣ, ਬੱਕਰੀ ਪਾਲਣ ਅਤੇ ਮੱਛੀ ਪਾਲਣ ਲਈ ਸਲਾਹਕਾਰ ਬੋਰਡਾਂ ਦੀ ਸਥਾਪਨਾ ਕੀਤੀ ਗਈ ਹੈ। ਸਵੈਚਾਲਤ ਦੁੱਧ ਵੰਡ ਯੂਨਿਟਾਂ ਦੀ ਸਥਾਪਨਾ ਕਰਨ ਲਈ ਸਬਸਿਡੀ ਦਿਤੀ ਜਾਵੇਗੀ। ਕੀਮਤੀ ਮਸ਼ੀਨਰੀ ਨੂੰ ਕਿਰਾਏ ਤੇ ਦੇਣ ਲਈ ਪੰਜ ਡੇਅਰੀ ਸੇਵਾ ਕੇਂਦਰਾਂ ਦੀ ਸਥਾਪਨਾ ਕੀਤੀ ਜਾਵੇਗੀ। ਨਸਲ ਸੁਧਾਰ ਲਈ, ਜ਼ਿਲਾ ਪਟਿਆਲਾ ਦੇ ਪਿੰਡ ਰੌਣੀ ਵਿਖੇ ਪਸ਼ੂ ਨਸਲ ਸੁਧਾਰ ਫਾਰਮ ਦੀ ਸਥਾਪਨਾ ਕੀਤੀ ਜਾ ਰਹੀ ਹੈ ਅਤੇ ਵੀਰਜ ਬੈਂਕ ਨਾਭਾ ਦਾ ਦਰਜਾ ਵਧਾਇਆ ਜਾ ਰਿਹਾ ਹੈ। ਜ਼ਿਲ੍ਹਾ ਬਠਿੰਡਾ ਵਿਚ ਰਾਮਪੁਰਾਫੂਲ ਵਿਖੇ ਇਕ ਨਵਾਂ ਪਸ਼ੂ ਚਕਿਤਸਾ ਕਾਲਜ ਸਥਾਪਤ ਕਰਨ ਦੀ ਤਜਵੀਜ਼ ਹੈ। ਮੱਛੀ ਪਾਲਣ ਸੈਕਟਰ ਦੇ ਵਿਕਾਸ ਲਈ ਚੀਨ ਨਾਲ ਇਕ ਇਕਰਾਰਨਾਮਾ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਜੋਧਪੁਰ ਰੁਮਾਣਾ ਵਿਚ ਇਕ ਖੇਤਰੀ ਖੋਜ ਕੇਂਦਰ ਦੀ ਸਥਾਪਨਾ ਕੀਤੀ ਜਾਵੇਗੀ ਅਤੇ ਜ਼ਿਲ੍ਹਾ ਬਠਿੰਡਾ ਅਤੇ ਅੰਮ੍ਰਿਤਸਰ ਵਿਖੇ ਆਧੁਨਿਕ ਸਵਸਥ ਥੋਕ ਮੱਛੀ ਮਾਰਕਿਟਾਂ ਦੀ ਸਥਾਪਨਾ ਕੀਤੀ ਜਾਵੇਗੀ। ਸਹਾਇਕ ਧੰਦਿਆਂ ਲਈ ਬਿਜਲੀ ਦੀਆਂ ਦਰਾਂ 7.75 ਰੁਪਏ ਪ੍ਰਤੀ ਯੂਨਿਟ ਤੋਂ ਘਟਾ ਕੇ 4.57 ਰੁਪਏ ਪ੍ਰਤੀ ਯੂਨਿਟ ਕਰ ਦਿੱਤੀਆਂ ਗਈਆਂ ਹਨ।

44. ਮੈਂ ਇਸ ਸਾਲ ਪਸ਼ੂ ਪਾਲਣ ਲਈ 451 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਰੱਖੀ ਹੈ। ਇਸ ਵਿਚੋਂ 20 ਕਰੋੜ ਰੁਪਏ ਗੁਰੂ ਅੰਗਦ ਦੇਵ ਵੈਟਰਨਰੀ ਸਾਇੰਸ ਯੂਨੀਵਰਸਿਟੀ (ਗਡਵਾਸੂ) ਲਈ ਰਾਖਵੇਂ ਕੀਤੇ ਗਏ ਹਨ।

## ਕਿਰਸਾਨੀ ਕਰਜ਼ੇ

45. ਰਾਜ ਵਿਚ ਕਿਸਾਨਾਂ ਦੇ ਕਰਜ਼ਿਆਂ ਦੀ ਗੰਭੀਰ ਸਮੱਸਿਆ ਹੈ। ਸਾਲ 2000-2011 ਦੌਰਾਨ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੇ 4,688 ਪਰਿਵਾਰਾਂ ਨੂੰ ਸਾਲ 2012-14 ਦੌਰਾਨ 94 ਕਰੋੜ ਰੁਪਏ ਵੰਡੇ ਗਏ ਹਨ। ਕਿਸਾਨਾਂ ਦੇ ਪਰਿਵਾਰਾਂ ਦੀ ਸੰਭਾਲ ਲਈ ਰਾਜ ਨੇ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ 20 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ।

## ਖ਼ੁਰਾਕ ਅਤੇ ਸਿਵਲ ਸਪਲਾਈ

46. ਸਾਡੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਸਾਰੀਆਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਅੰਦਰ ਰਹਿਣ। ਇਸ ਮੰਤਵ ਲਈ ਆਟਾ ਦਾਲ ਸਕੀਮ ਚਾਲੂ ਕੀਤੀ ਗਈ ਹੈ। ਸਾਲ 2015-16 ਵਿਚ ਨਵੀਂ ਆਟਾ ਦਾਲ ਸਕੀਮ ਲਈ 400 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਅਤੇ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਚਾਲੂ ਸਾਲ ਦੌਰਾਨ 8,70,000 ਮੀਟਰਿਕ ਟਨ ਕਣਕ ਅਤੇ 65,000 ਮੀਟਰਿਕ ਟਨ ਦਾਲਾਂ ਵੰਡੀਆਂ ਜਾਣਗੀਆਂ।

## ਪੇਂਡੂ ਵਿਕਾਸ

47. ਸ਼੍ਰੀਮਾਨ ਜੀ, ਰਾਸ਼ਟਰੀ ਪੇਂਡੂ ਰੋਜ਼ਗਾਰ ਗਰੰਟੀ ਸਕੀਮ ਪੇਂਡੂ ਲੋਕਾਂ ਦੀ ਉਪਜੀਵਕਾ ਸੁਰੱਖਿਆ ਨੂੰ ਵਧਾਉਣ ਵਿਚ ਕਾਰਗਰ ਸਿੱਧ ਹੋਈ ਹੈ। ਮੈਂ ਵਿੱਤੀ ਸਾਲ 2015-16 ਲਈ ਇਸ ਸਕੀਮ ਤਹਿਤ 233 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ।

48. ਪੇਂਡੂ ਵਿਕਾਸ ਲਈ ਕੁੱਲ 1,710 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿਚ ਮੁੱਖ ਮੰਤਰੀ ਪੇਂਡੂ ਵਿਕਾਸ ਯੋਜਨਾ ਦੇ 600 ਕਰੋੜ ਰੁਪਏ ਵੀ ਸ਼ਾਮਲ ਹਨ।

## ਜਲ ਸਪਲਾਈ ਅਤੇ ਸਾਫ਼ ਸਫ਼ਾਈ

49. ਸ੍ਰੀਮਾਨ ਜੀ, ਸਾਡੇ ਨਾਗਰਿਕਾਂ ਨੂੰ ਸਾਫ਼ ਜਲ ਮੁਹੱਈਆ ਕਰਵਾਉਣ ਲਈ, ਰਾਜ ਦੇ ਪੇਂਡੂ ਖੇਤਰਾਂ ਵਿਚ 1,824 ਆਰ.ਓ. ਸਿਸਟਮ ਸਥਾਪਤ ਕੀਤੇ ਗਏ ਅਤੇ ਸਾਲ 2015-16 ਦੌਰਾਨ 561 ਹੋਰ ਆਰ.ਓ. ਸਿਸਟਮ ਲਗਾਏ ਜਾਣਗੇ। ਇਸ ਸੈੱਕਟਰ ਅਧੀਨ ਵੱਖ-ਵੱਖ ਸਕੀਮਾਂ ਲਈ ਮੈਂ ਹੇਠ ਲਿਖੇ ਪਲਾਨ ਅਨੁਸਾਰ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ।

- 150 ਕਰੋੜ ਰੁਪਏ - 'ਦੂਸਰੇ ਪੰਜਾਬ ਪੇਂਡੂ ਜਲ ਸਪਲਾਈ ਅਤੇ ਸਫ਼ਾਈ ਖੇਤਰ ਸੁਧਾਰ ਪ੍ਰੋਗ੍ਰਾਮ' ਲਈ- ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਪ੍ਰਾਜੈਕਟ

- 100 ਕਰੋੜ ਰੁਪਏ - ਪੰਜਾਬ ਦੇ ਵਿਭਿੰਨ ਜ਼ਿਲ੍ਹਿਆਂ ਵਿਚ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ. ਸਿਸਟਮ ਲਗਾਉਣ ਲਈ
- 25 ਕਰੋੜ ਰੁਪਏ- ਰਾਸ਼ਟਰੀ ਪੇਂਡੂ ਪੀਣਯੋਗ ਜਲ ਪ੍ਰੋਗ੍ਰਾਮ (ਐੱਨ.ਆਰ.ਡੀ.ਡਬਲਿਯੂ.ਪੀ.) ਲਈ
- 80 ਕਰੋੜ ਰੁਪਏ - ਸਵੱਛ ਭਾਰਤ ਅਭਿਆਨ ਲਈ

## ਸ਼ਹਿਰੀ ਵਿਕਾਸ

50. ਰਾਜ ਸਰਕਾਰ ਰਾਜ ਦੀਆਂ ਸਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿਚ ਜਲ ਸਪਲਾਈ, ਸੀਵਰੇਜ਼ ਅਤੇ ਸੀਵੇਜ ਸ਼ੁੱਧੀਕਰਨ ਪਲਾਂਟ ਮੁਹੱਈਆ ਕਰਵਾਉਣ ਲਈ 7,586 ਕਰੋੜ ਰੁਪਏ ਦੀ ਕਾਰਜੀ ਯੋਜਨਾ ਨੂੰ ਅਮਲ ਵਿਚ ਲਿਆ ਰਹੀ ਹੈ। ਇਸ ਵਿਚੋਂ 3,866 ਕਰੋੜ ਰੁਪਏ ਦੀ ਰਕਮ ਦੇ ਕੰਮ ਪਹਿਲਾਂ ਹੀ ਹੋ ਰਹੇ ਹਨ। ਰਾਜ ਸਰਕਾਰ ਕੇਂਦਰੀ ਬਜਟ 2015-16 ਦੀਆਂ ਨਵੀਆਂ ਘੋਸ਼ਿਤ ਕੀਤੀਆਂ ਸਕੀਮਾਂ ਅਧੀਨ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਭਾਰਤ ਸਰਕਾਰ ਨਾਲ ਸਰਗਰਮੀ ਨਾਲ ਕਾਰਜ ਕਰੇਗੀ ਜਿਵੇਂ ਕਿ 100 ਸਮਾਰਟ ਸ਼ਹਿਰਾਂ ਦੇ ਵਿਕਾਸ ਲਈ ਮਿਸ਼ਨ, ਸ਼ਹਿਰੀ ਪੁਨਰ ਸੁਧਾਰ ਮਿਸ਼ਨ-500 ਆਬਾਦੀਆਂ ਅਤੇ ਸਰਦਾਰ ਪਟੇਲ ਸ਼ਹਿਰੀ ਮਕਾਨ ਉਸਾਰੀ ਆਦਿ।

51. ਸਾਲ 2015-16 ਦੌਰਾਨ ਮਕਾਨ ਉਸਾਰੀ ਲਈ ਨਵੀਆਂ ਪਹਿਲ ਕਦਮੀਆਂ ਨਿਮਨ ਅਨੁਸਾਰ ਹਨ:

- ਈਕੋਸਿਟੀ- ਫੇਜ਼-II -310 ਏਕੜ ਦੇ ਖੇਤਰ ਵਿਚ ਵਿਕਸਿਤ ਕੀਤਾ ਜਾਵੇਗਾ।
- ਮੈਡੀਸਿਟੀ- ਫੇਜ਼-II -160 ਏਕੜ ਜ਼ਮੀਨ ਪ੍ਰਾਪਤ ਕੀਤੀ ਗਈ ਜਿਸ ਵਿਚੋਂ 10 ਏਕੜ ਜ਼ਮੀਨ ਮੈਕਸ ਹੈਲਥ ਕੇਅਰ ਸੰਸਥਾ, ਚੇਤੰਨਿਆ ਹਸਪਤਾਲ, ਜਿੰਦਲ ਆਈ ਵੀ ਐਫ ਨਰਸਿੰਗ ਹੋਮ ਅਤੇ ਗਰੇਵਾਲ ਆਈ ਸੰਸਥਾ ਨੂੰ ਅਲਾਟ ਕੀਤੀ ਗਈ।

- ਐਜੂਸਿਟੀ - ਗਮਾਡਾ ਐਜੂਸਿਟੀ ਦੇ ਵਿਕਾਸ ਲਈ 309 ਏਕੜ ਜ਼ਮੀਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿਚ ਹੈ ਅਤੇ ਸਾਲ 2015-16 ਵਿਚ 300 ਕਰੋੜ ਰੁਪਏ ਦੀ ਰਾਸ਼ੀ ਖ਼ਰਚ ਕੀਤੇ ਜਾਣ ਦੀ ਤਜ਼ਵੀਜ ਹੈ।

52. ਸਾਲ 2015-16 ਲਈ ਸ਼ਹਿਰੀ ਖੇਤਰ ਲਈ 3126 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

## ਸਿੰਜਾਈ

53. ਸਿੰਜਾਈ ਸਿਧਾਂਤਕ ਤੌਰ ’ਤੇ ਇਸ ਸਾਲ ਦੀ ਯੋਜਨਾ ਦੇ ਮਹੱਤਵਪੂਰਣ ਕੇਂਦਰਿਤ ਖੇਤਰ ਵਿਚੋਂ ਹੈ।ਸਾਲ 2015-16 ਵਿਚ ਸਿੰਜਾਈ ਲਈ 1,005 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਮਹੱਤਵਪੂਰਣ ਸਕੀਮਾਂ ਨਿਮਨ ਅਨੁਸਾਰ ਹਨ:-

- 134 ਕਰੋੜ ਰੁਪਏ - ਰਾਜਸਥਾਨ ਫੀਡਰ ਪ੍ਰਾਜੈਕਟ ਦੀ ਰੀ-ਲਾਈਨਿੰਗ ਲਈ - (2015 ਤੋਂ 2019 ਤਕ 4 ਸਾਲਾਂ ਵਿਚ ਮੁਕੰਮਲ ਹੋਣ ਵਾਲੇ ਪ੍ਰਾਜੈਕਟ ਦੀ ਲਾਗਤ 952 ਕਰੋੜ ਰੁਪਏ ਹੈ)
- 100 ਕਰੋੜ ਰੁਪਏ - ਸਰਹੰਦ ਫੀਡਰ ਪ੍ਰਾਜੈਕਟ ਦੀ ਰੀ-ਲਾਈਨਿੰਗ ਲਈ (2015 ਤੋਂ 2019 ਤਕ 4 ਸਾਲਾਂ ਵਿਚ ਪੂਰਾ ਹੋਣ ਵਾਲੇ ਇਸ ਪ੍ਰਾਜੈਕਟ ਦੀ ਲਾਗਤ 614 ਕਰੋੜ ਰੁਪਏ ਹੈ)
- 83 ਕਰੋੜ ਰੁਪਏ - ਕੰਡੀ ਨਹਿਰ ਪੜਾਅ-II ਪ੍ਰਾਜੈਕਟ ਦੇ ਬਾਕੀ ਰਹਿੰਦੇ 14 ਕਿਲੋਮੀਟਰ ਨੂੰ ਮੁਕੰਮਲ ਕਰਨ ਲਈ।
- 50 ਕਰੋੜ ਰੁਪਏ - ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ ਦੀ ਉਸਾਰੀ ਲਈ (2015-18 ਤੋਂ ਸ਼ੁਰੂ ਹੋ ਕੇ ਤਿੰਨ ਸਾਲਾਂ ਵਿਚ ਮੁਕੰਮਲ ਹੋਣ ਵਾਲੇ ਪਾਵਰ ਕੰਪੋਨੈਂਟ ਸਮੇਤ ਪ੍ਰਾਜੈਕਟ ਦੀ ਲਾਗਤ 2286 ਕਰੋੜ ਰੁਪਏ ਹੈ।
- 135 ਕਰੋੜ ਰੁਪਏ - ਸਹਾਇਕ ਨਦੀਆਂ ਅਤੇ ਛੋਟੇ ਨਾਲਿਆਂ ਦੀ ਮੁੜ ਉਸਾਰੀ ਲਈ।

- 211 ਕਰੋੜ ਰੁਪਏ – ਜਲ ਪ੍ਰਵਾਹ ਮਾਰਗਾਂ ਦੀ ਉਸਾਰੀ/ਲਾਈਨਿੰਗ ਲਈ, ਜਿਸ ਵਿਚ ਸ਼ਾਮਲ ਹਨ:–

ੳ.) 50 ਕਰੋੜ ਰੁਪਏ – ਰਾਜ ਵਿਚ ਵੱਖ-ਵੱਖ ਸਹਾਇਕ ਨਦੀਆਂ ਅਤੇ ਖੇਤਰੀ ਨਾਲਿਆਂ ਦੀ ਮੁੜ ਉਸਾਰੀ ਲਈ

ਅ.) 30 ਕਰੋੜ ਰੁਪਏ – ਕੋਟਲਾ ਸ਼ਾਖਾ ਭਾਗ 2 ਦੇ ਖੇਤਰੀ ਨਾਲਿਆਂ ਦੀ ਉਸਾਰੀ ਲਈ (ਸਾਲ 2015-18 ਤੱਕ ਦੇ ਤਿੰਨ ਸਾਲਾਂ ਵਿਚ ਪੂਰੇ ਹੋਣ ਵਾਲੇ ਪ੍ਰਾਜੈਕਟ ਦੀ ਲਾਗਤ 950 ਕਰੋੜ ਰੁਪਏ ਹੈ)

- 190 ਕਰੋੜ ਰੁਪਏ – ਸੇਮ ਸਮੱਸਿਆ ਅਤੇ ਹੜ੍ਹ ਸੁਰੱਖਿਆ ਲਈ, ਜਿਸ ਵਿਚ ਸ਼ਾਮਿਲ ਹਨ:–

ੳ.) 180 ਕਰੋੜ ਰੁਪਏ – ਪੰਜਾਬ ਦੇ ਦੱਖਣ-ਪੱਛਮ ਜ਼ਿਲ੍ਹਿਆਂ ਵਿਚ ਸੇਮ ਸਮੱਸਿਆ ਦੇ ਉਪਾਵਾਂ ਲਈ।

54. ਵਿੱਤੀ ਸਾਲ 2015-16 ਵਿਚ ਰਾਜ ਦੀਆਂ ਵਿਭਿੰਨ ਨਹਿਰਾਂ ਦੀ ਸਫ਼ਾਈ ਲਈ ਰਾਜ ਸਰਕਾਰ ਦੁਆਰਾ 15 ਕਰੋੜ ਰੁਪਏ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ ਜਲ ਉਪ ਕਰ ਵਜੋਂ ਇਕੱਤਰ ਕੀਤੀ 55.00 ਕਰੋੜ ਰੁਪਏ ਦੀ ਰਕਮ ਰਾਜ ਵਿਚ ਨਾਲਿਆਂ ਅਤੇ ਸਹਾਇਕ ਨਦੀਆਂ ਦੀ ਸਾਂਭ-ਸੰਭਾਲ, ਮੁਰੰਮਤ ਅਤੇ ਆਧੁਨਿਕੀਕਰਣ ਲਈ ਖ਼ਰਚੇ ਜਾਣਗੇ।

## ਬਿਜਲੀ

55. ਪੰਜਾਬ ਨੇ ਵਾਧੂ ਬਿਜਲੀ ਵਾਲੇ ਆਪਣੇ ਵਾਅਦੇ ਨੂੰ ਪੂਰਾ ਕਰਦੇ ਹੋਏ ਪਿਛਲੇ ਸਾਲ ਰਾਜਪੁਰਾ ਥਰਮਲ ਪਾਵਰ ਪਲਾਂਟ (700 ਮੈਗਾਵਾਟ) ਦਾ ਪਹਿਲਾ ਅਤੇ ਦੂਸਰਾ ਯੂਨਿਟ ਆਰੰਭ ਕਰ ਦਿੱਤਾ ਸੀ। ਤਲਵੰਡੀ ਸਾਬੋ (1,980 ਮੈਗਾਵਾਟ) ਦਾ 660 ਮੈਗਾਵਾਟ ਦਾ ਪਹਿਲਾ ਯੂਨਿਟ ਆਰੰਭ ਕਰ ਦਿੱਤਾ ਗਿਆ ਹੈ ਅਤੇ ਬਾਕੀ ਦੇ ਦੋ ਯੂਨਿਟ ਛੇਤੀ ਹੀ ਸ਼ੁਰੂ ਹੋ ਜਾਣਗੇ। ਗੋਇੰਦਵਾਲ ਸਾਹਿਬ ਥਰਮਲ ਪਲਾਂਟ (540 ਮੈਗਾਵਾਟ) ਦੇ ਜਲਦੀ ਹੀ ਕਾਰਜਸ਼ੀਲ ਹੋ ਜਾਣ ਦੀ ਸੰਭਾਵਨਾ ਹੈ। 206 ਮੈਗਾਵਾਟ ਵਾਲੇ ਸ਼ਾਹਪੁਰ ਕੰਢੀ ਡੈਮ ਦੇ ਉਸਾਰੀ ਕਾਰਜ ਨੂੰ ਮੁਕੰਮਲ ਕਰਨ ਦਾ ਕੰਮ ਟੀਚੇ ਅਨੁਸਾਰ ਹੈ।

56. ਰਾਜ ਨੇ ਆਪਣੇ ਕਿਸਾਨਾਂ ਅਤੇ ਪੇਂਡੂ ਗਰੀਬ ਲੋਕਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਪਾਵਰ ਕਾਰਪੋਰੇਸ਼ਨ ਦੀ ਮੁਆਵਜ਼ਾ ਪੂਰਤੀ ਵਾਸਤੇ ਸਾਲ 2015-16 ਲਈ 5484 ਕਰੋੜ ਰੁਪਏ ਰਾਖਵੇਂ ਕੀਤੇ ਹਨ। ਮੈਂ ਰਹਿੰਦੀਆਂ ਢਾਹਣੀਆਂ ਨੂੰ ਸ਼ਹਿਰੀ ਤਰਜ਼ ਉੱਤੇ 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ 50 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਵੀ ਕੀਤੀ ਹੈ।

57. ਸਾਲਾਨਾ ਯੋਜਨਾ 2015-16 ਅਧੀਨ ਇਸ ਖੇਤਰ ਵਿਚ ਮੁੱਖ ਰਾਖਵੇਂਕਰਣ ਹੇਠ ਲਿਖੇ ਅਨੁਸਾਰ ਹਨ:

- 960 ਕਰੋੜ ਰੁਪਏ - ਸੰਚਾਰ ਲਈ;
- 1040 ਕਰੋੜ ਰੁਪਏ - ਉਤਪਾਦਨ ਲਈ;
- 1750 ਕਰੋੜ ਰੁਪਏ - ਵੰਡ ਲਈ, ਜਿਸ ਵਿਚ 950 ਕਰੋੜ ਰੁਪਏ ਪੁਨਰਗਠਿਤ ਗਤੀਸ਼ੀਲ ਬਿਜਲੀ ਵਿਕਾਸ ਅਤੇ ਸੁਧਾਰ ਪ੍ਰੋਗਰਾਮ ਲਈ;
- 50 ਕਰੋੜ ਰੁਪਏ - ਬਾਕੀ ਰਹਿੰਦੀਆਂ ਢਾਣੀਆਂ ਨੂੰ ਸ਼ਹਿਰੀ ਤਰਜ਼ ਉੱਤੇ 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ;

## ਨਵਿਆਉਣਯੋਗ ਊਰਜਾ

58. ਮੌਜੂਦਾ ਸਮੇਂ ਰਾਜ ਵਿਚ 758 ਮੈਗਾਵਾਟ ਸਮਰੱਥਾ ਵਾਲੇ ਨਵਿਆਉਣਯੋਗ ਊਰਜਾ ਪ੍ਰਾਜੈਕਟ ਕਾਰਜਸ਼ੀਲ ਹਨ। ਡੇਰਾ ਬਿਆਸ ਜ਼ਿਲ੍ਹਾ ਅੰਮ੍ਰਿਤਸਰ ਵਿਖੇ 7.50 ਮੈਗਾਵਾਟ ਸਮਰੱਥਾ ਵਾਲਾ ਭਾਰਤ ਦਾ ਸਭ ਤੋਂ ਵੱਡਾ ਰੂਫ ਟਾਪ ਸੋਲਰ ਪਾਵਰ ਪਲਾਂਟ ਆਰੰਭ ਹੋ ਚੁੱਕਿਆ ਹੈ ਅਤੇ ਹੈਬੋਵਾਲ ਡੇਅਰੀ ਕੰਪਲੈਕਸ (ਲੁਧਿਆਣਾ) ਵਿਖੇ ਵਿਸ਼ਵ ਦਾ ਸਭ ਤੋਂ ਵੱਡਾ ਗੋਬਰ ਅਧਾਰਿਤ ਬਾਇਓ ਸੀ.ਐੱਨ.ਜੀ. ਪਲਾਂਟ ਨਿਰਮਾਣ ਅਧੀਨ ਹੈ।ਮਾਰਚ, 2015 ਤੱਕ ਸੋਲਰ ਪਾਵਰ ਪ੍ਰਾਜੈਕਟਾਂ ਦੀ ਸਥਾਪਤ ਸਮਰੱਥਾ 150 ਮੈਗਾਵਾਟ ਤੋਂ ਵਧਾ ਕੇ 215 ਮੈਗਾਵਾਟ ਤੱਕ ਕੀਤੇ ਜਾਣ ਦਾ ਟੀਚਾ ਹੈ। ‘‘ਬਣਾਓ, ਅਪਨਾਓ, ਚਲਾਓ ’’ (ਬੀ.ਓ.ਓ.) ਆਧਾਰ ਉੱਤੇ ਇਕ ਹੋਰ 229 ਮੈਗਾਵਾਟ ਸਮਰੱਥਾ ਦਾ ਸੋਲਰ ਪ੍ਰਾਜੈਕਟ ਸਫਲਤਾਪੂਰਵਕ ਅਲਾਟ ਕੀਤਾ ਗਿਆ ਹੈ। ਅਗਲੇ ਤਿੰਨ ਸਾਲਾਂ

ਵਿਚ ਇੱਕ ਲੱਖ ਘਰਾਂ ਨੂੰ ਕਵਰ ਕਰਨ ਦੇ ਟੀਚੇ ਨਾਲ ਰਾਜ ਵਿਚ ਸੋਲਰ ਰੂਫ ਟਾਪ ਪ੍ਰੋਗਰਾਮ ਉਪਰ ਮੁੱਖ ਜ਼ੋਰ ਦੇਣ ਲਈ ਰਾਜ ਸਰਕਾਰ ਨੇ ਨੈੱਟ ਮੀਟਰਿੰਗ ਪਾਲਿਸੀ ਅਧਿਸੂਚਿਤ ਕੀਤੀ ਹੈ। ਸਾਲਾਨਾ ਯੋਜਨਾ 2015-16 ਵਿਚ 1.50 ਕਰੋੜ ਰੁਪਏ ਦੀ ਲਾਗਤ ਨਾਲ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀ ਵਸੋਂ ਲਈ ਰੂਫ ਟਾਪ ਪ੍ਰੋਗਰਾਮ ਇੱਕ ਆਰੰਭਕ ਪ੍ਰਾਜੈਕਟ ਵਜੋਂ ਸ਼ਾਮਿਲ ਕੀਤਾ ਗਿਆ ਹੈ।

## ਉਦਯੋਗ

59. ਰਾਜ ਸਰਕਾਰ ਨੇ ਪੰਜਾਬ ਦੀ ਉਦਯੋਗਿਕ ਵਿਕਾਸ ਨੀਤੀ 2013 ਲਈ ਵਿੱਤੀ ਪ੍ਰੋਤਸਾਹਨ ਲਾਗੂ ਕੀਤੇ ਹਨ ਜਿਸ ਤਹਿਤ ਪੰਜਾਬ ਰਾਜ ਵਿੱਚ ਉਦਯੋਗਿਕ ਨਿਵੇਸ਼ਾਂ ਨੂੰ ਉਤਸ਼ਾਹਿਤ ਕਰਨ ਲਈ ਸੂਚਨਾ ਤਕਨਾਲੋਜੀ ਅਤੇ ਨਾਲਜ ਅਧਾਰਤ ਉਦਯੋਗਾਂ, ਅਨਾਜ ਖੇਤੀ ਅਧਾਰਤ ਉਦਯੋਗਾਂ ਅਤੇ ਫੂਡ ਪ੍ਰਾਸੈਸਿੰਗ ਉਦਯੋਗਾਂ ਲਈ ਰਿਆਇਤਾਂ ਦੇ ਵਿਸ਼ੇਸ਼ ਪੈਕੇਜ ਮੁਹੱਈਆ ਕਰਵਾਏ ਗਏ ਹਨ। ਵਪਾਰਕ ਪ੍ਰਕਿਰਿਆ ਨੂੰ ਸੁਖਾਲਾ ਕਰਨ ਲਈ, ਪੰਜਾਬ ਨਿਵੇਸ਼ ਵਿਕਾਸ ਬਿਊਰੋ ਦੀ ਵੀ ਸਥਾਪਨਾ ਕੀਤੀ ਗਈ ਹੈ। ਬਿਊਰੋ ਵਿਚ ਲਗਭਗ 9,600 ਕਰੋੜ ਰੁਪਏ ਦੇ ਤਜਵੀਜ਼ਤ ਨਿਵੇਸ਼ ਵਾਲੀਆਂ 153 ਤਜਵੀਜਾਂ ਪ੍ਰਾਪਤ ਹੋਈਆਂ ਹਨ।

60. ਰਾਜ ਵਿਚ ਟੈਕਸਟਾਈਲ ਉਦਯੋਗ ਦੇ ਵਿਕਾਸ ਲਈ ਚਾਰ ਟੈਕਸਟਾਈਲ ਪਾਰਕਾਂ ਦੀ ਸਥਾਪਨਾ ਕੀਤੀ ਗਈ ਹੈ। ਮੈਂ ਫੋਕਲ ਪੁਆਇੰਟਾਂ ਵਾਸਤੇ 10 ਕਰੋੜ ਅਤੇ ਉੱਤਰੀ ਭਾਰਤੀ ਫੈਸ਼ਨ ਤਕਨਾਲਾਜੀ ਸੰਸਥਾ (ਐੱਨ.ਆਈ.ਐੱਫ.ਟੀ.) ਦੀ ਸਕੀਮ ਲਈ 1 ਕਰੋੜ ਰੁਪਏ ਰਾਖਵੇਂ ਰੱਖਣ ਦੀ ਤਜਵੀਜ਼ ਪੇਸ਼ ਕਰਦਾ ਹਾਂ।

## ਸੜਕਾਂ ਅਤੇ ਪੁਲ

61. ਸਾਲ 2015-16 ਵਾਸਤੇ ਸੜਕੀ ਬੁਨਿਆਦੀ ਢਾਂਚੇ ਲਈ 2,018 ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਤਜਵੀਜ਼ ਹੈ। ਕੌਮੀ ਸ਼ਾਹ ਮਾਰਗਾਂ ਲਈ 3,000 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ।

62. ਸਾਲ 2015-16 ਲਈ ਮੁੱਖ ਯੋਜਨਾ ਅਨੁਸਾਰ ਰਾਖਵੇਂਕਰਣ ਇਸ ਤਰ੍ਹਾਂ ਹਨ:-

- 700 ਕਰੋੜ ਰੁਪਏ - ਪੇਂਡੂ ਸੜਕਾਂ ਦੇ ਮਜ਼ਬੂਤੀਕਰਣ ਲਈ।

- 100 ਕਰੋੜ ਰੁਪਏ – ਪੰਜਾਬ ਰਾਜ ਸੜਕ ਸੈੱਕਟਰ ਪ੍ਰਾਜੈਕਟ ਅਧੀਨ 150 ਕਿਲੋਮੀਟਰ ਸੜਕਾਂ ਦੇ ਮਜ਼ਬੂਤੀਕਰਣ ਲਈ;
- 100 ਕਰੋੜ ਰੁਪਏ – ਸੜਕਾਂ ਨੂੰ ਚੌੜਾ ਕਰਨ ਅਤੇ ਪੁਲਾਂ ਦੀ ਉਸਾਰੀ ਲਈ ਨਬਾਰਡ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਲਈ;
- 150 ਕਰੋੜ ਰੁਪਏ – ਪਲਾਨ ਸੜਕਾਂ ਦੀ ਵਿਸ਼ੇਸ਼ ਮੁਰੰਮਤ ਲਈ;
- 66 ਕਰੋੜ ਰੁਪਏ – ਉੱਚ ਪੱਧਰੀ ਪੁਲਾਂ ਲਈ;
- 64 ਕਰੋੜ ਰੁਪਏ – ਰੇਲਵੇ ਓਵਰ ਬ੍ਰਿਜ / ਰੇਲਵੇ ਅੰਡਰ ਬ੍ਰਿਜ ਲਈ;
- 70 ਕਰੋੜ ਰੁਪਏ – ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਸੈਂਟਰ ਰੋਡ ਫੰਡ ;
- 302 ਕਰੋੜ ਰੁਪਏ – ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ।

## ਟਰਾਂਸਪੋਰਟ

63. ਪੰਜਾਬ ਸਰਕਾਰ, ਪੰਜਾਬ ਰੋਡਵੇਜ਼ / ਪਨਬੱਸ ਦੀਆਂ 1,680 ਬੱਸਾਂ ਰਾਹੀਂ ਰਾਜ ਦੇ ਲੋਕਾਂ ਨੂੰ ਸੁਰੱਖਿਅਤ ਅਤੇ ਸਸਤੀਆਂ ਸਫ਼ਰ ਸਹੂਲਤਾਂ ਮੁਹੱਈਆ ਕਰਨ ਲਈ ਵਚਨਬੱਧ ਹੈ। ਡਿਪੂਆਂ ਦੇ ਚੰਗੇ ਪ੍ਰਬੰਧ ਲਈ ਪੰਜਾਬ ਰੋਡਵੇਜ਼ / ਪਨਬੱਸ ਦੇ ਸਾਰੇ ਡਿਪੂਆਂ ਦਾ ਕੰਪਿਊਟਰੀਕਰਣ ਕੀਤਾ ਜਾ ਰਿਹਾ ਹੈ। ਪਨਬੱਸ ਵੱਲੋਂ ਸਰਕਾਰੀ ਵਿੱਤੀ ਘਾਟੇ ਨੂੰ ਰੋਕਣ ਲਈ 300 ਬੱਸਾਂ ਵਿੱਚ ਜੀ.ਪੀ.ਐਸ ਪ੍ਰਣਾਲੀ ਲਾਗੂ ਕਰਨ ਲਈ 3.25 ਕਰੋੜ ਰੁਪਏ ਦੀ ਲਾਗਤ ਨਾਲ 1,800 ਇਲੈਕਟ੍ਰਾਨਿਕ ਮਸ਼ੀਨਾਂ ਦੀ ਖ਼ਰੀਦ ਕੀਤੀ ਜਾ ਰਹੀ ਹੈ। ਟਰਾਂਸਪੋਰਟ ਸੈੱਕਟਰ ਲਈ 818 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਹੈ। ਸਾਲ 2015-16 ਲਈ ਤਜਵੀਜ਼ਤ ਯੋਜਨਾਵਾਂ ਨਿਮਨ ਅਨੁਸਾਰ ਹਨ:-

- 42.75 ਕਰੋੜ ਰੁਪਏ – ਪੰਜਾਬ ਰੋਡਵੇਜ਼ ਵਿੱਚ 225 ਨਵੀਆਂ ਬੱਸਾਂ ਸ਼ਾਮਲ ਕਰਨ ਲਈ;
- 75.00 ਕਰੋੜ ਰੁਪਏ – ਪਨਬੱਸ ਵਿਚ 315 ਨਵੀਆਂ ਬੱਸਾਂ ਖਰੀਦਣ ਲਈ;

- ਪਨਬੱਸ ਕੋਲੋਂ 265 ਕਰਜ਼ਾ ਮੁਕਤ ਬੱਸਾਂ ਲੈ ਕੇ ਪੰਜਾਬ ਰੋਡਵੇਜ਼ ਦੇ ਮੌਜੂਦਾ ਬੱਸ ਸਮੂਹ ਨੂੰ ਬਦਲਣਾ;
- ਨਿੱਜੀ ਭਾਈਵਾਲੀ ਯੋਜਨਾ ਪ੍ਰਣਾਲੀ (ਪੀ.ਪੀ.ਪੀ. ਮੋਡ) ਰਾਹੀਂ 32 ਆਟੋਮੈਟਿਕ ਡ੍ਰਾਈਵਿੰਗ ਟੈੱਸਟ ਅਤੇ ਆਟੋਮੈਟਿਕ ਵਹੀਕਲ ਫਿਟਨੈਸ ਕੇਂਦਰ ਸਥਾਪਤ ਕਰਨੇ।

## ਸ਼ਹਿਰੀ ਹਵਾਬਾਜ਼ੀ

64. ਹਵਾਈ ਟਰਮੀਨਲ ਅਤੇ ਹਵਾਈ ਅੱਡਿਆਂ ਦੇ ਵਿਸਤਾਰ ਲਈ 13 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਮੋਹਾਲੀ ਵਿਖੇ ਚੰਡੀਗੜ੍ਹ ਇੰਟਰਨੈਸ਼ਨਲ ਸਿਵਲ ਟਰਮੀਨਲ ਦਾ ਪਹਿਲਾ ਪੜਾਅ ਮੁਕੰਮਲ ਹੋ ਗਿਆ ਹੈ ਅਤੇ ਇਹ ਛੇਤੀ ਹੀ ਚਾਲੂ ਹੋ ਜਾਵੇਗਾ। ਚੰਡੀਗੜ੍ਹ ਹਵਾਈ ਅੱਡੇ ਦੇ ਮੌਜੂਦਾ ਟਰਮੀਨਲ ਤੋਂ ਜਲਦੀ ਹੀ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਹੋਣ ਦੀ ਆਸ ਹੈ।ਸਾਹਨੇਵਾਲ ਪੱਟੀ ਨੂੰ ਪੂਰਨ ਹਵਾਈ ਅੱਡੇ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਬਠਿੰਡਾ ਨੇੜੇ ਭੀਸੀਆਣਾ ਵਿਖੇ ਭਾਰਤੀ ਏਅਰਫੋਰਸ ਸਟੇਸ਼ਨ ਤੋਂ ਦੋ ਸ਼ਹਿਰੀ ਵਪਾਰਕ ਉਡਾਣਾਂ ਸ਼ੁਰੂ ਕਰਨ ਲਈ ਪ੍ਰਵਾਨਗੀ ਪ੍ਰਾਪਤ ਕਰ ਲਈ ਗਈ ਹੈ।

## ਸਿੱਖਿਆ

65. ਸ੍ਰੀਮਾਨ ਜੀ, ਸਾਡੀ ਸਰਕਾਰ ਸਾਰਿਆਂ ਨੂੰ ਮਿਆਰੀ ਅਤੇ ਸਸਤੀ ਸਿੱਖਿਆ ਮੁਹੱਈਆ ਕਰਨ ਲਈ ਵਚਨਬੱਧ ਹੈ। ਸਕੂਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਅਧਿਆਪਕਾਂ ਦੀ ਭਰਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਸਾਲ 2007 ਤੋਂ ਹੁਣ ਤੱਕ 43,455 ਨਵੇਂ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਅਤੇ 2,342 ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਜਾਰੀ ਹੈ।

66. ਗ਼ਰੀਬ ਪਰਿਵਾਰਾਂ ਦੇ ਹੁਸ਼ਿਆਰ ਵਿਦਿਆਰਥੀਆਂ ਲਈ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਰਾਜ ਨੇ ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ, ਮੋਹਾਲੀ ਅਤੇ ਪਟਿਆਲਾ ਦੇ ਹਰੇਕ ਜ਼ਿਲ੍ਹੇ ਵਿਚ 500 ਵਿਦਿਆਰਥੀਆਂ ਦੀ ਸਮਰੱਥਾ ਵਾਲੇ 6 ਰਿਹਾਇਸ਼ੀ ਸਕੂਲ ਸਥਾਪਤ ਕੀਤੇ ਹਨ। ਸਾਲ 2015-16 ਦੇ ਨਵੇਂ ਸੈਸ਼ਨ

ਵਿਚ ਮੌਜੂਦਾ ਸਮਰੱਥਾ ਵਧਾ ਕੇ 1000 ਕੀਤੀ ਜਾਵੇਗੀ। ਇਹ ਸਕੂਲ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਉਨ੍ਹਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਅੰਗਰੇਜ਼ੀ ਮਾਧਿਅਮ ਰਾਹੀਂ ਮੁਫਤ ਸਿੱਖਿਆ ਦੇ ਰਹੇ ਹਨ।

67. ਰਾਜ ਵਿਚ ਸਿੱਖਿਆ ਪੱਖੋਂ ਪੱਛੜੇ ਬਲਾਕਾਂ ਵਿਚ 27 ਮਾਡਲ / ਆਦਰਸ਼ ਸਕੂਲ ਸਥਾਪਤ ਕੀਤੇ ਗਏ ਹਨ। ਇਸ ਤੋਂ ਇਲਾਵਾ ਰਾਜ ਵਿਚ ਸਰਕਾਰੀ ਅਤੇ ਜਨਤਕ ਨਿੱਜੀ ਭਾਈਵਾਲੀ (ਪੀ.ਪੀ.ਪੀ ਮੋਡ) ਰਾਹੀਂ 25 ਹੋਰ ਆਦਰਸ਼ ਸਕੂਲ ਸਥਾਪਤ ਕੀਤੇ ਗਏ ਹਨ। ਹਰਗੋਬਿੰਦ ਖੁਰਾਣਾ ਵਜ਼ੀਫ਼ਾ ਸਕੀਮ ਅਧੀਨ 5522 ਵਿਦਿਆਰਥੀਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਅੰਮ੍ਰਿਤਸਰ, ਫਿਰੋਜ਼ਪੁਰ, ਗੁਰਦਾਸਪੁਰ, ਲੁਧਿਆਣਾ ਅਤੇ ਤਰਨਤਾਰਨ ਵਿਖੇ ਮੁਸ਼ਕਿਲ ਪ੍ਰਸਥਿਤੀਆਂ ਵਾਲੇ ਐਲੀਮੈਂਟਰੀ ਸਕੂਲਾਂ ਵਿਚ ਸੌ-ਸੌ ਲੜਕਿਆਂ ਦੀ ਸਮਰੱਥਾ ਵਾਲੇ 5 ਰਿਹਾਇਸ਼ੀ ਹੋਸਟਲ ਵੀ ਖੋਲ੍ਹੇ ਗਏ ਹਨ। ਐਲੀਮੈਂਟਰੀ ਸਕੂਲ ਲੜਕੀਆਂ ਲਈ 22 ਕੇ.ਜੀ.ਬੀ.ਵੀ. ਹੋਸਟਲ ਅਤੇ ਸੈਕੰਡਰੀ ਸਕੂਲ ਲੜਕੀਆਂ ਲਈ 17 ਹੋਸਟਲ ਸਫਲਤਾ ਪੂਰਵਕ ਚੱਲ ਰਹੇ ਹਨ। ਸਾਲ 2015-16 ਵਿਚ ਲੜਕੀਆਂ ਦੇ 4 ਹੋਰ ਹੋਸਟਲ ਕਾਰਜਸ਼ੀਲ ਹੋ ਜਾਣਗੇ। ਸਰਕਾਰ ਵਿੱਤੀ ਸਾਲ 2015-16 ਦੇ ਅਖੀਰ ਤੱਕ ਸਾਰੇ ਸਕੂਲਾਂ ਵਿੱਚ ਲੜਕੀਆਂ ਅਤੇ ਲੜਕਿਆਂ ਲਈ ਵੱਖਰੇ-ਵੱਖਰੇ ਪਾਖ਼ਾਨੇ ਬਣਾਉਣ ਦਾ ਟੀਚਾ ਰੱਖਦੀ ਹੈ।

68. ਛੇਵੀਂ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਮੁਹੱਈਆ ਕਰਵਾਉਣ ਲਈ ਆਈ.ਸੀ.ਟੀ. ਪ੍ਰਾਜੈਕਟ ਤਹਿਤ 6,487 ਸਕੂਲਾਂ ਨੂੰ ਕਵਰ ਕੀਤਾ ਗਿਆ ਹੈ।ਸਾਲ 2015-16 ਵਿਚ 138 ਹੋਰ ਸਕੂਲ ਕਵਰ ਕੀਤੇ ਜਾਣਗੇ। ਸੀਨੀਅਰ ਸੈਕੰਡਰੀ ਅਤੇ ਸੈਕੰਡਰੀ ਸਕੂਲਾਂ ਵਿਚ 2,983 ਐਜੂਸੈੱਟ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਗਈਆਂ ਹਨ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਆਪਣੀ ਮਰਜ਼ੀ ਦੇ ਮਲਟੀ-ਮੀਡੀਆ ਕੰਟੈਂਟ ਵਾਲੇ ਲੈਕਚਰਾਂ ਨੂੰ ਸੁਣ ਅਤੇ ਵੇਖ ਸਕਣ।

69. ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਰਾਜ ਦੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨੇ ਗਿਆਰਾਂ ਰਾਸ਼ਟਰੀ ਖੇਡ ਚੈਂਪੀਅਨਸ਼ਿਪਾਂ ਵਿੱਚ ਸ਼ਮੂਲੀਅਤ ਕੀਤੀ ਹੈ ਅਤੇ ਉਹਨਾਂ ਨੇ 6 ਸੋਨੇ, 17 ਚਾਂਦੀ ਅਤੇ 13 ਤਾਂਬੇ ਦੇ

ਤਮਗੇ ਜਿੱਤੇ ਹਨ। ਪੰਜਾਬ ਦੀਆਂ ਟੀਮਾਂ ਨੇ 3 ਚੈਂਪੀਅਨਸ਼ਿਪਾਂ ਵਿੱਚ ਟ੍ਰਾਫ਼ੀਆਂ ਵੀ ਜਿੱਤੀਆਂ ਹਨ। 5 ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਜੂਨ, 2015 ਵਿਚ ਲਾਸ ਏਂਜਲਸ, ਕੈਲੀਫੋਰਨੀਆ, (ਯੂ.ਐੱਸ.ਏ.) ਵਿਚ ਹੋਣ ਵਾਲੀਆਂ ਵਿਸ਼ਵ ਸਮਰ ਗੇਮਜ਼ ਵਿਚ ਭਾਗ ਲੈਣ ਲਈ ਚੁਣਿਆ ਗਿਆ ਹੈ।

70. ਸਕੂਲ ਸਿੱਖਿਆ ਦੇ ਮਿਆਰ ਦੀ ਬਿਹਤਰੀ ਲਈ ਸਾਲ 2015-16 ਵਿਚ 8,318 ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਤਜਵੀਜ਼ ਹੈ। ਸਾਲਾਨਾ ਯੋਜਨਾ 2015 ਤਹਿਤ ਮਹੱਤਵਪੂਰਣ ਖ਼ਰਚੇ ਇਹ ਹਨ:-

- 890 ਕਰੋੜ ਰੁਪਏ - ਸਰਵ ਸਿੱਖਿਆ ਅਭਿਆਨ ਪ੍ਰੋਗਰਾਮ
- 277 ਕਰੋੜ ਰੁਪਏ - ਮਿਡ ਡੇ ਮੀਲ ਸਕੀਮ
- 310 ਕਰੋੜ ਰੁਪਏ - ਕਲਾਸ ਛੇਵੀਂ ਤੋਂ ਬਾਰ੍ਹਵੀਂ ਕਲਾਸ ਨੂੰ ਕੰਪਿਊਟਰ ਸਿੱਖਿਆ ਮੁਹੱਈਆ ਕਰਵਾਉਣ ਲਈ ਆਈ ਸੀ ਟੀ ਪ੍ਰਾਜੈਕਟ
- 90 ਕਰੋੜ ਰੁਪਏ - ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ (ਆਰ ਐੱਮ ਐੱਸ ਏ) ਪ੍ਰੋਗਰਾਮ
- 40 ਕਰੋੜ ਰੁਪਏ - ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ
- 20 ਕਰੋੜ ਰੁਪਏ - ਲੜਕੀਆਂ ਦੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਮਜ਼ਬੂਤੀਕਰਨ
- 20 ਕਰੋੜ ਰੁਪਏ - ਕਿੱਤਾ ਮੁੱਖੀ ਸਿੱਖਿਆ ਪ੍ਰੋਗਰਾਮ
- 20 ਕਰੋੜ ਰੁਪਏ - ਮਾਡਲ ਸਕੂਲ
- 14 ਕਰੋੜ ਰੁਪਏ - ਸਾਖ਼ਰ ਭਾਰਤ ਮਿਸ਼ਨ
- 10 ਕਰੋੜ ਰੁਪਏ - ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ੇ

## ਉਚੇਰੀ ਸਿੱਖਿਆ

71. ਸ੍ਰੀਮਾਨ ਜੀ, ਰਾਜ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ (ਆਰ ਯੂ ਐੱਸ

ਏ) ਨੂੰ ਲਾਗੂ ਕਰ ਰਿਹਾ ਹੈ। ਇਸ ਅਧੀਨ ਪਠਾਨਕੋਟ ਅਤੇ ਫਿਰੋਜ਼ਪੁਰ ਵਿਖੇ 2 ਨਵੇਂ ਮਾਡਲ ਡਿਗਰੀ ਕਾਲਜ, ਪਟਿਆਲਾ ਵਿਖੇ 2 ਨਵੇਂ ਪੇਸ਼ੇਵਰਾਨਾ ਕਾਲਜ- ਇਕ ਹਵਾਈ ਸਿੱਖਿਆ ਖੇਤਰ ਅਤੇ ਦੂਜਾ ਖੇਡ ਖੇਤਰ ਵਿਚ ਖੋਲ੍ਹੇ ਜਾਣਗੇ। ਮੈਂ ਸਾਲ 2015-16 ਦੌਰਾਨ ਉਚੇਰੀ ਸਿੱਖਿਆ ਲਈ 782 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ।

72. ਰਾਜ ਸਰਕਾਰ ਨੇ ਸਾਲ 2015-16 ਦੌਰਾਨ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਨੂੰ ਹੇਠ ਲਿਖੀਆਂ ਗ੍ਰਾਂਟਾਂ ਜਾਰੀ ਕੀਤੀਆਂ ਹਨ:-

- 20 ਕਰੋੜ ਰੁਪਏ - ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਲਈ;
- 60 ਕਰੋੜ ਰੁਪਏ - ਪੰਜਾਬੀ ਯੂਨੀਵਰਸਿਟੀ, ਪਟਿਆਲਾ ਲਈ;
- 50 ਕਰੋੜ ਰੁਪਏ - ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਲਈ;
- 250 ਕਰੋੜ ਰੁਪਏ - ਸਹਾਇਤਾ ਪ੍ਰਾਪਤ ਪ੍ਰਾਈਵੇਟ ਸੰਸਥਾਵਾਂ ਨੂੰ ਗ੍ਰਾਂਟ ਲਈ ।

## ਹਰਾ ਪੰਜਾਬ

73. ਮਾਨਯੋਗ ਮੁੱਖ ਮੰਤਰੀ ਜੀ ਨੇ ਸਾਲ 2013-14 ਵਿਚ ਹਰਾ ਪੰਜਾਬ ਮਿਸ਼ਨ ਸ਼ੁਰੂ ਕੀਤਾ ਹੈ। 2015-16 ਦੌਰਾਨ ਪੁਰਾਣੀ ਬਨਸਪਤੀ (ਪੌਦੇ) ਅਤੇ ਮਾਲਵਾ ਬਨਸਪਤੀ (ਪੌਦੇ) ਪ੍ਰਾਜੈਕਟ ਵਰਗੇ ਹੋਰ ਮਹੱਤਵਪੂਰਣ ਪ੍ਰਾਜੈਕਟਾਂ ਦੀ ਸਾਂਭ-ਸੰਭਾਲ ਅਤੇ ਹੋਰ ਕਾਰਜਾਂ ਲਈ 25 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਮਿਸ਼ਨ ਨੂੰ ਆਉਂਦੇ ਸਾਲ ਵਿਚ ਰਾਜ ਸਰਕਾਰ ਦੇ ਜਨਤਕ ਉਦਯੋਗਿਕ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਹਿਯੋਗ ਨਾਲ ਮਜ਼ਬੂਤ ਕੀਤਾ ਜਾਵੇਗਾ।

## ਸਿਹਤ

74. ਸਾਡੀ ਸਰਕਾਰ ਚੰਗੇਰੀ ਸਿਹਤ-ਸੰਭਾਲ ਲਈ ਹਸਪਤਾਲਾਂ ਵਿਚ ਮੁੱਢਲੀਆਂ ਜ਼ਰੂਰੀ ਸਹੂਲਤਾਂ, ਲੋੜੀਂਦਾ ਅਮਲਾ, ਉਸਾਰੀ-ਕਾਰਜ ਅਤੇ ਸਾਜ਼-ਸਮਾਨ ਸਬੰਧੀ

ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਰਾਜ ਨੇ ਸਿਹਤ ਸੂਚਕਾਂ ਸਬੰਧੀ ਬਿਹਤਰ ਪ੍ਰਦਰਸ਼ਨ ਦਰਜ ਕੀਤਾ ਹੈ। ਸਾਲ 2006 ਵਿਚ 44 ਤੋਂ 18 ਪੁਆਇੰਟ ਘੱਟ ਕੇ ਸਾਲ 2013 ਵਿਚ ਬਾਲ ਮ੍ਰਿਤੂ ਦਰ 26 ਪੁਆਇੰਟ ਰਹਿ ਗਈ। ਕੇਂਦਰ ਸਰਕਾਰ ਦੁਆਰਾ ਪਿਛਲੇ ਤਿੰਨ ਸਾਲਾਂ ਵਿਚ ਰਾਜ ਨੂੰ ਇਸ ਮੰਤਵ ਲਈ ਅਵਾਰਡ ਪ੍ਰਦਾਨ ਕੀਤੇ ਗਏ ਹਨ। ਜੱਚਾ ਮ੍ਰਿਤੂ ਦਰ ਸਾਲ 2004-06 ਵਿਚ 192 ਤੋਂ ਘੱਟ ਕੇ ਸਾਲ 2011-13 ਵਿਚ 141 ਰਹਿ ਗਈ ਹੈ। ਬਾਲ ਲਿੰਗ ਅਨੁਪਾਤ ਵਿਚ 2001 ਵਿਚ 798 ਤੋਂ ਸਾਲ 2012 ਵਿਚ 857 ਦਾ ਸੁਧਾਰ ਹੋਇਆ ਹੈ।

75. ਰਾਜ ਦੁਆਰਾ ਤਿਆਰ ਕੀਤੀ ਗਈ ਕੌਮੀ ਸਿਹਤ ਮਿਸ਼ਨ ਦੀ ਅਗਾਂਹਵਧੂ ਯੋਜਨਾ ਅਧੀਨ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ ਅਤੇ ਵਾਧੂ ਮਨੁੱਖੀ ਸ਼ਕਤੀ ਵਜੋਂ 1,100 ਡਾਕਟਰਾਂ ਨੂੰ ਤੈਨਾਤ ਕੀਤਾ ਜਾਵੇਗਾ।ਸਾਡੀ ਸਰਕਾਰ ਦੀ ਡਾਇਲ 108 ਸੇਵਾ ਦੀ ਸ਼ੁਰੂਆਤ ਇਕ ਬਹੁਤ ਵੱਡੀ ਸਫ਼ਲਤਾ ਰਹੀ ਹੈ। ਇਸ ਸੇਵਾ ਕਾਰਣ ਹੁਣ ਤੱਕ ਲਗਭਗ 10.04 ਲੱਖ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ। ਇਕ ਹੋਰ ਪ੍ਰਮੁੱਖ ਪਹਿਲ ਕਦਮੀ ਵਜੋਂ ਡਾਕਟਰੀ ਸਲਾਹ/ਜਾਣਕਾਰੀ, ਸ਼ਿਕਾਇਤਾਂ/ਸ਼ਿਕਾਇਤ-ਨਿਵਾਰਣ, ਕਾਉਂਸਲਿੰਗ ਸੇਵਾਵਾਂ 24 ਘੰਟੇ ਮੁਹੱਈਆ ਕਰਵਾਉਣ ਲਈ 104 ਮੈਡੀਕਲ ਹੈਲਪ ਲਾਈਨ ਦੀ ਸ਼ੁਰੂਆਤ ਕੀਤੀ ਹੈ।

76. ਰਾਜ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਕਈ ਕਦਮ ਚੁੱਕੇ ਹਨ। ਮੁੱਖ ਮੰਤਰੀ ਕੈਂਸਰ ਰਾਹਤ ਫੰਡ ਵਿਚੋਂ ਵੱਖ-ਵੱਖ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿਚ ਕੈਂਸਰ ਦੇ ਕੈਸ਼ਲੈੱਸ ਇਲਾਜ ਲਈ 1.5 ਲੱਖ ਰੁਪਏ ਦੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਹੁਣ ਤੱਕ 19,713 ਕੈਂਸਰ ਦੇ ਮਰੀਜਾਂ ਨੂੰ 235 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ। ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿਚ ਕੈਂਸਰ ਦੇ ਇਲਾਜ ਲਈ ਬੁਨਿਆਦੀ ਢਾਂਚੇ ਨੂੰ ਵਿਕਸਤ ਕੀਤਾ ਜਾ ਰਿਹਾ ਹੈ। ਬਠਿੰਡਾ ਵਿਖੇ 100 ਬਿਸਤਰਿਆਂ ਵਾਲਾ ਆਧੁਨਿਕ ਕੈਂਸਰ ਡਾਇਗਨਾਸਟਿਕ ਟ੍ਰੀਟਮੈਂਟ ਐਂਡ ਰਿਸਰਚ ਸੈਂਟਰ ਸਥਾਪਿਤ ਕੀਤਾ ਗਿਆ ਹੈ ਅਤੇ ਸਿਵਲ ਹਸਪਤਾਲ, ਸੰਗਰੂਰ ਵਿਖੇ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੇ ਸਹਿਯੋਗ ਨਾਲ 40 ਬਿਸਤਰਿਆਂ ਵਾਲੇ ਕੈਂਸਰ ਕੇਅਰ ਲਈ ਰੇਡੀਓ ਥੈਰੇਪੀ ਸੈਂਟਰ ਵੀ ਕਾਰਜਸ਼ੀਲ ਹੋ ਚੁੱਕਾ ਹੈ। ਮੁਲਾਂਪੁਰ ਵਿਖੇ

450 ਕਰੋੜ ਰੁਪਏ ਦੀ ਲਾਗਤ ਨਾਲ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੁਆਰਾ 200 ਬਿਸਤਰਿਆਂ ਦਾ ਇਕ ਆਹਲਾ ਦਰਜੇ ਦਾ ਕੈਂਸਰ ਰਿਸਰਚ ਸੈਂਟਰ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਇਹ ਸਾਲ 2017 ਵਿਚ ਕਾਰਜਸ਼ੀਲ ਹੋ ਜਾਵੇਗਾ।

77. ਰਾਜ ਸਰਕਾਰ ਪ੍ਰਭਾਵਸ਼ਾਲੀ ਤਰੀਕੇ ਨਾਲ ਨਸ਼ਾਖੋਰੀ ਖਤਮ ਕਰਨ ਲਈ ਵਚਨਬੱਧ ਹੈ। ਪੰਜਾਬ ਸਟੇਟ ਕੈਂਸਰ ਐਂਡ ਡਰੱਗ ਅਡਿਕਸ਼ਨ ਟ੍ਰੀਟਮੈਂਟ ਇਨਫਰਾਸਟਰਕਚਰ ਐਕਟ 2013 ਬਣਾਇਆ ਗਿਆ ਹੈ। ਰਾਜ ਬਠਿੰਡਾ, ਫਰੀਦਕੋਟ, ਪਟਿਆਲਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ 50 ਬਿਸਤਰਿਆਂ ਵਾਲੇ 5 ਉੱਤਮ ਦਰਜੇ ਦੇ ਨਸ਼ਾਮੁਕਤੀ ਕੇਂਦਰਾਂ ਨੂੰ ਕਾਰਜਸ਼ੀਲ ਬਣਾਉਣ ਦੀ ਪ੍ਰਕਿਰਿਆ ਵਿਚ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਹਸਪਤਾਲਾਂ ਅਤੇ ਚੋਣਵੇਂ ਉਪਮੰਡਲ ਹਸਪਤਾਲਾਂ ਵਿਚ 31 ਦਸ ਬਿਸਤਰਿਆਂ ਵਾਲੇ ਨਸ਼ਾਮੁਕਤੀ ਕੇਂਦਰਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ।ਹਰੇਕ ਜ਼ਿਲ੍ਹੇ ਵਿਚ ਨਸ਼ਾਮੁਕਤੀ ਸਬੰਧੀ ਮੁੜ ਵਸੇਬਾ ਕੇਂਦਰਾਂ ਦੀ ਸਥਾਪਨਾ ਪ੍ਰਗਤੀ ਅਧੀਨ ਹੈ।

78. ਸ੍ਰੀਮਾਨ ਜੀ, ਮੈਂ ਸਾਲ 2015-16 ਲਈ ਸਿਹਤ, ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਲਈ 3,008 ਕਰੋੜ ਰੁਪਏ ਰਾਖਵੇਂਕਰਣ ਦੀ ਤਜਵੀਜ਼ ਪੇਸ਼ ਕਰਦਾ ਹਾਂ। ਸਾਲ 2015-16 ਵਿਚ ਸਿਹਤ ਸੈਕਟਰ ਲਈ ਮਹੱਤਵਪੂਰਣ ਰਾਖਵੇਂਕਰਣ ਨਿਮਨ ਅਨੁਸਾਰ ਹਨ:-

- 563 ਕਰੋੜ ਰੁਪਏ - ਸਮਾਜ ਨੂੰ ਵਾਰਾਖਾਣ ਯੋਗ ਅਤੇ ਜਵਾਬਦੇਹ ਸਿਹਤ-ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ;
- 39 ਕਰੋੜ ਰੁਪਏ - ਰਾਜ ਵਿਚ ਸੰਕਟਕਾਲੀ ਪ੍ਰਤਿਕਿਰਿਆ ਸੇਵਾਵਾਂ (108-ਐਂਬੂਲੈਂਸ ਸੇਵਾਵਾਂ) ਮੈਡੀਕਲ ਹੈਲਪਲਾਈਨ (104) ਮੁਹੱਈਆ ਕਰਨ ਲਈ;
- 25 ਕਰੋੜ ਰੁਪਏ - ਮੁੱਖ ਮੰਤਰੀ ਕੈਂਸਰ ਰਾਹਤ ਫੰਡ ਅਧੀਨ ਕੈਂਸਰ ਮਰੀਜਾਂ ਦੇ ਇਲਾਜ ਲਈ;
- 50 ਕਰੋੜ ਰੁਪਏ - ਗਰੀਬ ਲੋਕਾਂ ਦੇ ਮੈਡੀਕਲ ਬੀਮੇ ਲਈ;

- 100 ਕਰੋੜ ਰੁਪਏ – ਕੈਂਸਰ ਅਤੇ ਨਸ਼ਾਮੁਕਤੀ ਇਲਾਜ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਲਈ;
- 50 ਕਰੋੜ ਰੁਪਏ – ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਦੀ ਸਹਾਇਤਾ ਲਈ।

## ਸਮਾਜਿਕ ਸੁਰਖਿਆ

79. ਇਸਤਰੀ ਸਸ਼ਕਤੀਕਰਣ ਸਾਡੀ ਸਰਕਾਰ ਦਾ ਵਿਸ਼ੇਸ਼ ਧਿਆਨ ਵਾਲਾ ਮੁੱਦਾ ਰਿਹਾ ਹੈ। ਸਾਡੀ ਸਰਕਾਰ 11ਵੀਂ ਅਤੇ 12ਵੀਂ ਦੀਆਂ ਵਿਦਿਆਰਥਣਾਂ ਨੂੰ ਸਾਈਕਲ ਮੁਹੱਈਆ ਕਰਵਾਉਣ ਲਈ ਮਾਈ ਭਾਗੋ ਵਿੱਦਿਆ ਯੋਜਨਾ ਨੂੰ ਸਹਾਇਤਾ ਜਾਰੀ ਰੱਖੇਗੀ। ਰਾਜ ਦੇ 11 ਜ਼ਿਲ੍ਹਿਆਂ ਵਿਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਸ਼ੁਰੂ ਕੀਤੀ ਜਾਵੇਗੀ।

80. ਸਾਲ 2015-16 ਵਿਚ ਸਮਾਜਿਕ ਸੁਰੱਖਿਆ ਲਈ 1,874 ਕਰੋੜ ਰੁਪਏ ਦਾ ਕੁਲ ਰਾਖਵਾਂਕਰਣ ਕੀਤਾ ਗਿਆ ਹੈ। ਸਾਲਾਨਾ ਯੋਜਨਾ ਅਧੀਨ ਮੁੱਖ ਰਾਖਵੇਂਕਰਣ ਨਿਮਨ ਅਨੁਸਾਰ ਹਨ:

- 692 ਕਰੋੜ ਰੁਪਏ – 20 ਲੱਖ ਲਾਭਪਾਤਰੀਆਂ ਨੂੰ ਬੁਢਾਪਾ ਅਤੇ ਹੋਰ ਪੈਨਸ਼ਨਾਂ ਦੀ ਵੰਡ ਲਈ; ਇਸ ਤੋਂ ਇਲਾਵਾ ਕੌਮੀ ਸਮਾਜਿਕ ਸਹਾਇਤਾ ਪ੍ਰੋਗਰਾਮ ਅਧੀਨ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨਾਲ ਸਬੰਧਤ 2 ਲੱਖ ਲਾਭਪਾਤਰੀ ਵਧੀਕ ਪੈਨਸ਼ਨਾਂ ਪ੍ਰਾਪਤ ਕਰਨਗੇ ਜਿਸ ਲਈ 70 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ;
- 594 ਕਰੋੜ ਰੁਪਏ – ਰਾਜ ਵਿਚ ਆਂਗਨਵਾੜੀ ਕੇਂਦਰਾਂ ਦੀਆਂ ਇਮਾਰਤਾਂ ਦੀ ਉਸਾਰੀ ਅਤੇ ਗਰਭਵਤੀ ਮਾਤਾਵਾਂ ਅਤੇ 15 ਲੱਖ ਬੱਚਿਆਂ ਨੂੰ ਪੂਰਕ ਪੋਸ਼ਣ ਮੁਹੱਈਆ ਕਰਵਾਉਣ ਅਤੇ ਸਮੂਹਿਕ ਬਾਲ ਵਿਕਾਸ ਸੇਵਾਵਾਂ ਲਈ;
- 40 ਕਰੋੜ ਰੁਪਏ – ਮਾਈ ਭਾਗੋ ਸਕੀਮ ਅਧੀਨ ਸਰਕਾਰੀ ਸਕੂਲਾਂ

ਦੀਆਂ 11ਵੀਂ ਅਤੇ 12ਵੀਂ ਕਲਾਸ ਦੀਆਂ ਵਿਦਿਆਰਥਣਾਂ ਨੂੰ ਮੁਫ਼ਤ ਸਾਈਕਲ ਮੁਹੱਈਆ ਕਰਾਉਣ ਲਈ;

- 24 ਕਰੋੜ ਰੁਪਏ-ਸਮੂਹਿਕ ਬਾਲ ਸੁਰੱਖਿਆ ਸਕੀਮ ਅਧੀਨ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ;
- 16 ਕਰੋੜ ਰੁਪਏ - ਇੰਦਰਾ ਗਾਂਧੀ ਮਾਤਰੀਤਵ ਸਹਿਯੋਗ ਯੋਜਨਾ ਸਮੇਤ ਔਰਤ ਸਸ਼ਕਤੀਕਰਣ ਦੇ ਕੌਮੀ ਮਿਸ਼ਨ ਲਈ;
- 11 ਕਰੋੜ ਰੁਪਏ- 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਲਈ।

## ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ

81. ਸ਼੍ਰੀਮਾਨ ਜੀ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਰਾਜ ਸਰਕਾਰ ਦੀ ਮੁੱਖ ਤਰਜੀਹ ਹੈ। ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਲਈ 1,173 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖਣ ਦੀ ਤਜਵੀਜ਼ ਕੀਤੀ ਗਈ ਹੈ। ਇਸ ਹੈੱਡ ਅਧੀਨ ਯੋਜਨਾ ਖ਼ਰਚ ਸਾਲਾਨਾ ਯੋਜਨਾ 2014-15 ਵਿਚ 819 ਕਰੋੜ ਰੁਪਏ ਤੋਂ ਵਧਾ ਕੇ ਸਾਲਾਨਾ ਯੋਜਨਾ 2015-16 ਵਿਚ 984 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਸਾਲਾਨਾ ਯੋਜਨਾ 2015-16 ਅਧੀਨ ਮੁੱਖ ਰਾਖਵੇਂਕਰਣ ਨਿਮਨ ਅਨੁਸਾਰ ਹਨ :-

- 411 ਕਰੋੜ ਰੁਪਏ- ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫ਼ੇ ਅਤੇ ਅਨੁਸੂਚਿਤ ਜਾਤੀ ਦੇ ਲੜਕੇ ਅਤੇ ਲੜਕੀਆਂ ਦੇ ਹੋਸਟਲਾਂ ਲਈ;
- 298 ਕਰੋੜ ਰੁਪਏ - ਘੱਟ ਗਿਣਤੀ ਵਿਦਿਆਰਥੀਆਂ ਲਈ ਬਹੁ ਖੇਤਰੀ ਵਿਕਾਸ ਪ੍ਰੋਗਰਾਮਾਂ ਸਮੇਤ ਵਜ਼ੀਫ਼ੇ ਅਤੇ ਘੱਟ ਗਿਣਤੀ ਵਾਲੇ ਬਲਾਕਾਂ ਦੇ ਬੁਨਿਆਦੀ ਢਾਂਚਾ ਵਿਕਾਸ ਲਈ;
- 93 ਕਰੋੜ ਰੁਪਏ- ਪਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਲਈ ਵਜ਼ੀਫ਼ੇ ਅਤੇ ਹੋਸਟਲਾਂ ਸਮੇਤ ਪਛੜੀਆਂ ਸ਼੍ਰੇਣੀਆਂ ਦੇ ਵਿਕਾਸ ਲਈ;

- 98 ਕਰੋੜ ਰੁਪਏ- ਅਨੁਸੂਚਿਤ ਜਾਤੀ/ਪਛੜੀਆਂ ਸ਼੍ਰੇਣੀਆਂ/ਈਸਾਈ ਲੜਕੀਆਂ/ਵਿਧਵਾਵਾਂ/ ਤਲਾਕਸ਼ੁਦਾ ਅਤੇ ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਧੀਆਂ ਦੇ ਵਿਆਹ ਸਮੇਂ ਪ੍ਰਤੀ ਲਾਭਪਾਤਰੀ 15,000/- ਰੁਪਏ ਦੇ ਸ਼ਗਨ ਲਈ ;
- 45 ਕਰੋੜ ਰੁਪਏ - ਅਨੁਸੂਚਿਤ ਜਾਤੀ ਪਿੰਡਾਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਵਾਸਤੇ ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਲਈ;
- 13 ਕਰੋੜ ਰੁਪਏ - ਐੱਸ ਸੀ/ਬੀ ਸੀ/ ਈ ਡਬਲਿਯੂ ਐੱਸ ਪ੍ਰਾਇਮਰੀ ਦੀਆਂ ਵਿਦਿਆਰਥਣਾਂ ਨੂੰ ਹਾਜ਼ਰੀ ਵਜ਼ੀਫ਼ੇ ਲਈ;
- 10 ਕਰੋੜ ਰੁਪਏ - ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਵਾਸਤੇ ਆਈ ਟੀ ਆਈਜ਼ ਵਿਚ ਕਿੱਤਾ ਮੁੱਖੀ ਸਿਖਲਾਈ ਲਈ;
- 14.63 ਕਰੋੜ ਰੁਪਏ - ਪੰਜਾਬ ਅਨੁਸੂਚਿਤ ਜਾਤੀ ਵਿੱਤ ਨਿਗਮ ਅਤੇ ਬੈਕਫਿੰਕੋ ਵਿਚ ਇਕਵਿਟੀ ਸਹਾਇਤਾ ਲਈ।

82. ਅਨੁਸੂਚਿਤ ਜਾਤੀ ਆਬਾਦੀ ਲਈ ਉਲੀਕੀਆਂ ਯੋਜਨਾ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ (ਐੱਸ.ਸੀ.ਐੱਸ.ਪੀ.) ਨੂੰ ਨੋਡਲ ਵਿਭਾਗ ਬਣਾਇਆ ਗਿਆ ਹੈ।ਸਾਲਾਨਾ ਯੋਜਨਾ 2015-16 ਵਿਚ ਐਸ.ਸੀ.ਐਸ.ਪੀ. ਲਈ ਯੋਜਨਾ ਖ਼ਰਚ ਦੇ 32 ਫ਼ੀਸਦ ਦੇ ਬਰਾਬਰ ਰਕਮ ਅਨੁਸੂਚਿਤ ਜਾਤੀ ਆਬਾਦੀ ਲਈ ਰਾਖਵੀਂ ਕੀਤੀ ਗਈ ਹੈ। 21,174 ਕਰੋੜ ਰੁਪਏ ਦੇ ਕੁਲ ਯੋਜਨਾ ਆਕਾਰ ਵਿਚੋਂ 6,764 ਕਰੋੜ ਰੁਪਏ ਦੀ ਰਕਮ ਐੱਸ.ਸੀ.ਐੱਸ.ਪੀ. ਲਈ ਰਾਖਵੀਂ ਕੀਤੀ ਗਈ ਹੈ।

**ਖੇਡਾਂ**

83. ਸ੍ਰੀਮਾਨ ਜੀ, ਪੰਜਾਬ, ਖਿਡਾਰੀਆਂ ਨੂੰ ਪੁਰਸਕਾਰ ਪ੍ਰਣਾਲੀ ਰਾਹੀਂ ਉਤਸ਼ਾਹਿਤ ਕਰਨ ਵਾਲਾ ਮੋਢੀ ਰਾਜ ਹੈ। ਸਾਲ 2014-15 ਦੌਰਾਨ ਏਸ਼ੀਅਨ ਗੇਮਜ਼ ਅਤੇ ਕਾਮਨ ਵੈਲਥ ਗੇਮਜ਼- 2014 ਦੇ ਤਮਗਾ ਪ੍ਰਾਪਤ ਖਿਡਾਰੀਆਂ ਨੂੰ 5.43 ਕਰੋੜ ਰੁਪਏ ਦੀ ਰਾਸ਼ੀ ਦੇ ਨਗਦੀ ਪੁਰਸਕਾਰ ਦਿੱਤੇ ਗਏ ਹਨ। ਦਸੰਬਰ, 2014 ਵਿਚ ਰਾਜ ਵਿਚ

ਪੰਜਵਾਂ ਵਿਸ਼ਵ ਕਬੱਡੀ ਕੱਪ, ਪੰਜਾਬ ਆਯੋਜਿਤ ਕੀਤਾ ਗਿਆ ਸੀ ਜਿਸ ਵਿਚ ਮਰਦਾਂ ਦੀਆਂ 11 ਅਤੇ ਇਸਤਰੀਆਂ ਦੀਆਂ 8 ਟੀਮਾਂ ਨੇ ਭਾਗ ਲਿਆ। ਪੁਰਸਕਾਰ ਰਾਸ਼ੀ ਵਜੋਂ ਜੇਤੂ ਮਰਦਾਂ ਦੀ ਟੀਮ ਨੂੰ 2 ਕਰੋੜ ਰੁਪਏ ਦੀ ਰਾਸ਼ੀ ਅਤੇ ਇਸਤਰੀ ਵਰਗ ਦੀ ਜੇਤੂ ਟੀਮ ਨੂੰ 1 ਕਰੋੜ ਰੁਪਏ ਇਨਾਮ ਰਾਸ਼ੀ ਵਜੋਂ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ ਇਸ ਮੰਤਵ ਲਈ 7 ਕਰੋੜ ਰੁਪਏ ਦੀ ਰਾਸ਼ੀ ਖ਼ਰਚ ਕੀਤੀ।

84. ਸਕੂਲਾਂ/ਕਾਲਜਾਂ ਵਿਚ ਖੇਡਾਂ ਨੂੰ ਵਿਕਸਿਤ ਕਰਨ ਲਈ ਸਾਲ 2012-13, 2013-14 ਦੌਰਾਨ ਸਪੋਰਟਸ ਵਿੰਗਜ਼ ਵਿਚ 4000 ਹੋਣਹਾਰ ਖਿਡਾਰੀਆਂ ਅਤੇ ਸਾਲ 2014-15 ਵਿਚ 700 ਰਿਹਾਇਸ਼ੀ ਖਿਡਾਰੀਆਂ ਨੂੰ ਦਾਖ਼ਲਾ ਦਿੱਤਾ ਗਿਆ ਸੀ। ਉਨ੍ਹਾਂ ਨੂੰ ਖ਼ੁਰਾਕ, ਸਾਜ਼-ਸਮਾਨ ਅਤੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ। ਸਾਲ 2015-16 ਵਿਚ ਸਕੂਲਾਂ/ਕਾਲਜਾਂ ਦੇ ਸਪੋਰਟਸ ਵਿੰਗਜ਼ ਵਿਚ 3,000 ਪ੍ਰਤਿਭਾਵਾਨ ਖਿਡਾਰੀਆਂ ਨੂੰ ਦਾਖ਼ਲਾ ਦਿੱਤੇ ਜਾਣ ਦਾ ਟੀਚਾ ਹੈ। ਇਹ ਉਨ੍ਹਾਂ ਖਿਡਾਰੀਆਂ ਤੋਂ ਇਲਾਵਾ ਹੋਣਗੇ, ਜੋ ਕਿ ਪੀ.ਆਈ.ਐਸ. ਅਧੀਨ ਆਲ੍ਹਾ ਦਰਜੇ ਦੇ ਕੇਂਦਰ ਵਿਚ ਦਾਖ਼ਲ ਕੀਤੇ ਜਾਣਗੇ।

85. ਸਾਲ 2015-16 ਲਈ 26 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ। ਮਹੱਤਵਪੂਰਣ ਸਕੀਮਾਂ ਹਨ:

- 6.50 ਕਰੋੜ ਰੁਪਏ- ਖੇਡਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰਾਜੀਵ ਗਾਂਧੀ ਖੇਡ ਅਭਿਆਨ ਯੋਜਨਾ ਲਈ;
- 7 ਕਰੋੜ ਰੁਪਏ - ਖੇਡਾਂ ਦੇ ਵਿਕਾਸ ਲਈ ਰਾਜ ਖੇਡ ਕੌਂਸਲ ਨੂੰ ਗ੍ਰਾਂਟ ਸਹਾਇਤਾ ਲਈ;
- 7 ਕਰੋੜ ਰੁਪਏ - ਕੌਮੀ ਸੇਵਾ ਯੋਜਨਾ (ਨੈਸ਼ਨਲ ਸਰਵਿਸ ਸਕੀਮ) ਲਈ;
- 1 ਕਰੋੜ ਰੁਪਏ- ਪੇਂਡੂ ਨੌਜਵਾਨ/ਖੇਡ ਕਲੱਬ ਲਈ।

## ਕਲਾ ਅਤੇ ਸਭਿਆਚਾਰ

86. ਪੰਜਾਬ ਸੂਫੀਆਂ, ਸੰਤਾਂ, ਸ਼ਹੀਦਾਂ ਅਤੇ ਸਿੱਖ ਗੁਰੂ ਸਾਹਿਬਾਨ ਦੀ ਪਵਿੱਤਰ ਧਰਤੀ ਹੈ,ਜਿਨ੍ਹਾਂ ਨੇ ਮਨੁਖੱਤਾ ਦੀ ਖ਼ਾਤਰ ਕੁਰਬਾਨੀਆਂ ਦੇ ਕੇ ਮਹਾਨ ਆਦਰਸ਼ ਪੈਦਾ ਕੀਤੇ ਹਨ। ਰਾਜ ਵਿਚ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੀ ਯਾਦ ਵਿੱਚ ਯਾਦਗਾਰੀ ਸਮਾਰਕ ਸਥਾਪਤ ਕੀਤੇ ਜਾ ਰਹੇ ਹਨ। ਅੰਮ੍ਰਿਤਸਰ, ਕਰਤਾਰਪੁਰ, ਹੁਸ਼ਿਆਰਪੁਰ ਵਿਖੇ ਸਮਾਰਕ ਸਥਾਪਤ ਕਰਨ ਤੋਂ ਇਲਾਵਾ ਨਿਮਨ ਸਮਾਰਕ ਵੀ ਸਥਾਪਤ ਕੀਤੇ ਜਾ ਰਹੇ ਹਨ:

- ਸ਼ਹੀਦ ਉਧਮ ਸਿੰਘ ਜੀ- ਸੁਨਾਮ
- ਬਾਬਾ ਮੋਤੀ ਰਾਮ ਮਹਿਰਾ ਜੀ - ਫਤਿਹਗੜ ਸਾਹਿਬ
- ਸਵਾਮੀ ਵਿਵੇਕਾਨੰਦ ਜੀ
- ਗਿਰਜਾਨੰਦ ਜੀ - ਕਰਤਾਰਪੁਰ
- ਬਾਬਾ ਜੀਵਨ ਸਿੰਘ ਸਮਾਰਕ - ਸ੍ਰੀ ਅਨੰਦਪੁਰ ਸਾਹਿਬ
- ਸਮਾਰਕ - ਕਿਲ੍ਹਾ ਰਾਇਪੁਰ

87. ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸੰਪੂਰਣਤਾ ਦਿਵਸ ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ

## ਸੈਰ ਸਪਾਟਾ

88. ਸ੍ਰੀਮਾਨ ਜੀ, ਸੈਰ ਸਪਾਟੇ ਲਈ 398 ਕਰੋੜ ਰੁਪਏ ਦੀ ਲਾਗਤ ਨਾਲ ਏ.ਡੀ.ਬੀ. ਦੀ ਸਹਾਇਤਾ ਨਾਲ ਇਕ ਮੁੱਖ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ਅਮਲ ਅਧੀਨ ਹੈ। ਇਸ ਪ੍ਰਾਜੈਕਟ ਵਿਚ ਸਿੱਖ ਸਭਿਆਚਾਰ ਦੀ ਸੰਭਾਲ ਅਤੇ ਰਾਮ ਬਾਗ ਗਾਰਡਨ ਅੰਮ੍ਰਿਤਸਰ ਦੀ ਪੁਨਰ ਵਰਤੋਂ, ਵਿਰਾਸਤ ਸੰਭਾਲ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਸੈਰ ਸਪਾਟਾ ਵਿਕਾਸ ਅਤੇ ਕਪੂਰਥਲੇ ਵਿਚ ਕਲੋਨੀਅਲ ਵਿਰਾਸਤ ਦੀ ਸੰਭਾਲ ਅਤੇ ਵਰਤੋਂ ਆਦਿ ਸ਼ਾਮਿਲ ਹਨ। ਸੈਰ ਸਪਾਟੇ ਲਈ ਸਾਲ 2015-16 ਲਈ 190 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

## ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ

89. ਰਾਜ ਸਰਕਾਰ ਨੇ ਖੇਤਾਂ ਵਿਚ ਝੋਨੇ ਦੀ ਪਰਾਲੀ ਸਾੜਨ ਤੋਂ ਰੋਕਣ ਲਈ ਕਦਮ ਚੁੱਕੇ ਹਨ। 13 ਰੀ-ਰੋਲਿੰਗ ਮਿੱਲਾਂ ਦੁਆਰਾ ਊਰਜਾ ਸੰਭਾਲ ਉਪਾਅ ਅਪਣਾਏ ਗਏ ਹਨ ਅਤੇ ਮੰਡੀ ਗੋਬਿੰਦਗੜ੍ਹ ਵਿਖੇ 52 ਮਿੱਲਾਂ ਅਮਲ ਦੀ ਪ੍ਰਕਿਰਿਆ ਅਧੀਨ ਹਨ।

90. ਰਾਜ ਸਰਕਾਰ ਦਾ ਅਦਾਰਾ ਪੰਜਾਬ ਬਾਇਓ ਤਕਨਾਲੋਜੀ ਇਨਕਿਊਬੇਟਰ, ਐਸ.ਏ.ਐਸ. ਨਗਰ ਮੋਹਾਲੀ ਵਿਖੇ ਵਿਕਸਿਤ ਕੀਤੇ ਜਾ ਰਹੇ ਗਿਆਨ ਸਿਟੀ ਦਾ ਮਹੱਤਵਪੂਰਣ ਭਾਗ ਹੈ ਜੋ ਕਿ ਖੇਤੀਬਾੜੀ, ਖੁਰਾਕ, ਵਾਤਾਵਰਣ ਅਤੇ ਸਬੰਧਤ ਖੇਤਰਾਂ ਦੇ ਪਰਖ ਅਤੇ ਪ੍ਰਮਾਣੀਕਰਣ ਲਈ ਕਾਰਜਸ਼ੀਲ ਹੈ। ਪੰਜਾਬ ਬਾਇਓ ਤਕਨਾਲੋਜੀ ਇਨਕਿਊਬੇਟਰ ਦੀਆਂ ਸੁਵਿਧਾਵਾਂ ਨੂੰ ਜੁਲਾਈ 2014 ਵਿਚ ਖੇਤੀਬਾੜੀ ਉਤਪਾਦਨ ਨਿਰਯਾਤ ਵਿਕਾਸ ਅਥਾਰਿਟੀ ਅਤੇ ਫ਼ਰਵਰੀ 2015 ਵਿਚ ਨਿਰਯਾਤ ਨਿਰੀਖਣ ਕੌਂਸਲ (ਈ.ਆਈ.ਸੀ.) ਵਲੋਂ ਪ੍ਰਵਾਨ ਕੀਤਾ ਗਿਆ ਹੈ।

## ਕਾਨੂੰਨ ਤੇ ਵਿਵਸਥਾ

91. ਸ੍ਰੀਮਾਨ ਜੀ, ਸਾਲ 2014-15, ਦੌਰਾਨ ਰਾਜ ਵਿਚ ਅਪਰਾਧ ਸਥਿਤੀ ਕਾਬੂ ਵਿਚ ਰਹੀ ਹੈ। ਦਹਿਸ਼ਤਵਾਦ ਦੀਆਂ ਕਾਰਵਾਈਆਂ ’ਤੇ ਸਖ਼ਤ ਨਿਗਰਾਨੀ ਰੱਖੀ ਗਈ ਹੈ। ਪੁਲਿਸ ਨੇ ਅਵੈਧ ਹਥਿਆਰਾਂ ਦੇ ਨਾਲ-ਨਾਲ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਨੂੰ ਵੱਡੀ ਮਾਤਰਾ ਵਿਚ ਬਰਾਮਦ ਕੀਤਾ ਹੈ।

92. ਰਾਜ ਸਰਕਾਰ ਨੇ ਪੰਜਾਬ ਪੁਲਿਸ ਹੈਲਪਲਾਈਨ (ਡਾਇਲ 181), ਸਾਂਝ ਕੇਂਦਰ ਅਤੇ ਫੌਰੀ ਪੇਂਡੂ ਪ੍ਰਕ੍ਰਿਆ ਪ੍ਰਣਾਲੀ ਵਰਗੀਆਂ ਬਹੁਤ ਸਾਰੀਆਂ ਲਾਭਕਾਰੀ ਪਹਿਲ ਕਦਮੀਆਂ ਨੂੰ ਸ਼ੁਰੂ ਕੀਤਾ ਹੈ। ਡਾਇਲ 181 ਹੈਲਪ ਲਾਈਨ ਤਹਿਤ ਇਸਦੇ ਅਰੰਭ ਤੋਂ 86,937 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਹੁਣ ਤੱਕ ਹੈਲਪ ਲਾਈਨ ’ਤੇ ਪ੍ਰਾਪਤ ਹੋਈਆਂ 97 ਪ੍ਰਤੀਸ਼ਤ ਸ਼ਿਕਾਇਤਾਂ/ਮਾਮਲਿਆਂ ਦਾ ਸਮਾਂ-ਬੱਧ ਢੰਗ ਨਾਲ ਨਿਪਟਾਰਾ ਕਰ ਦਿੱਤਾ ਗਿਆ ਹੈ। 27,000 ਤੋਂ ਵਧੇਰੇ ਝਗੜਿਆਂ ਦਾ ਸਾਂਝ ਕੇਂਦਰਾਂ ਦੁਆਰਾ ਨਿਪਟਾਰਾ ਕੀਤਾ ਗਿਆ ਹੈ। ਰਾਜ ਵਿਚ ਫੌਰੀ ਪੇਂਡੂ ਪੁਲਿਸ ਪ੍ਰਤੀਕ੍ਰਿਆ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਦੂਰ-ਦਰਾਜ਼ ਦੇ ਪੇਂਡੂ ਖੇਤਰਾਂ ਵਿਚ 20

ਮਿੰਟ ਤੋਂ ਵੀ ਘੱਟ ਸਮੇਂ ਵਿਚ ਪੁਲਿਸ ਸਹਾਇਤਾ ਉਪਲੱਭਧ ਕਰਵਾਈ ਜਾਵੇਗੀ। ਕਰਾਈਮ ਅਤੇ ਕਰੀਮੀਨਲ ਟਰੈਕਿੰਗ ਨੈੱਟਵਰਕ ਅਤੇ ਸਿਸਟਮਜ਼ ਪ੍ਰਾਜੈਕਟ ਅਮਲ ਅਧੀਨ ਹੈ। ਟ੍ਰੈਫਿਕ ਸੰਚਾਲਨ ਅਤੇ ਅਪਰਾਧ ਰੋਕਨ ਦੀ ਪ੍ਰਕ੍ਰਿਆ ਨੂੰ ਵਧੇਰੇ ਕੁਸ਼ਲ ਬਣਾਉਣ ਲਈ ਮੁੱਢਲੇ ਰੂਪ ਵਿਚ ਅੰਮ੍ਰਿਤਸਰ ਅਤੇ ਲੁਧਿਆਣਾ ਜ਼ਿਲ੍ਹੇ ਵਿਚ ਆਧੁਨਿਕ ਤਕਨਾਲੌਜੀ ਦੀ ਵਰਤੋਂ ਵਾਲਾ 'ਸੇਫ ਸਿਟੀ ਪ੍ਰਾਜੈਕਟ' ਸ਼ੁਰੂ ਕੀਤਾ ਜਾ ਰਿਹਾ ਹੈ।

93. ਸਾਲ 2015-16 ਵਿਚ ਕਾਨੂੰਨ ਅਤੇ ਨਿਆਂ ਤੇ ਵਿਵਸਥਾ ਲਈ 5,638 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ। ਸਾਲ 2015-16 ਦੌਰਾਨ, ਮਹੱਤਵਪੂਰਣ ਸਕੀਮਾਂ ਅਨੁਸਾਰ ਰਾਖਵੇਂਕਰਣ ਨਿਮਨ ਅਨੁਸਾਰ ਹਨ:-

- 110 ਕਰੋੜ ਰੁਪਏ - ਨਿਆਂਪਾਲਿਕਾ ਅਤੇ ਬੁਨਿਆਦੀ ਢਾਂਚਾ ਸੁਵਿਧਾ ਲਈ ;
- 30 ਕਰੋੜ ਰੁਪਏ - ਪੁਲਿਸ-ਪਬਲਿਕ ਸਬੰਧਾਂ ਵਿਚ ਸੁਧਾਰ ਕਰਨ ਅਤੇ ਅਪਰਾਧ ਰੋਕਣ ਲਈ ;
- 1 ਕਰੋੜ ਰੁਪਏ - ਸੁਵਿਧਾ ਕੇਂਦਰਾਂ ਦੀ ਸਥਾਪਨਾ ਲਈ ।

## ਸੁਰੱਖਿਆ ਸੇਵਾਵਾਂ ਭਲਾਈ

94. ਹੇਠ ਲਿਖੇ ਪ੍ਰੋਗਰਾਮਾਂ ਲਈ ਸੁਰੱਖਿਆ ਸੇਵਾਵਾਂ ਭਲਾਈ ਲਈ ਸਾਲਾਨਾ ਯੋਜਨਾ 2015-16 ਵਿਚ 42.55 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ:

- 30 ਕਰੋੜ ਰੁਪਏ - ਅੰਮ੍ਰਿਤਸਰ ਵਿਖੇ ਅੰਤਰਰਾਸ਼ਟਰੀ ਪੱਧਰ ਦੇ ਜੰਗੀ ਯਾਦਗਾਰੀ ਕੰਪਲੈਕਸ ਦੀ ਸਥਾਪਨਾ ਕਰਨ ਲਈ ;
- 4.21 ਕਰੋੜ ਰੁਪਏ - ਨਵੇਂ ਬਣਾਏ ਗਏ ਜ਼ਿਲ੍ਹਿਆਂ ਲਈ ਸੈਨਿਕ ਰੈਸਟ ਹਾਊਸਾਂ ਦੀ ਉਸਾਰੀ ਲਈ ;
- 2 ਕਰੋੜ ਰੁਪਏ - ਸਾਬਕਾ ਫੌਜੀਆਂ ਅਤੇ ਹੋਰਨਾਂ ਦੇ ਬੱਚਿਆਂ ਲਈ ਪੂਰਵ ਨਿਯੁਕਤੀ ਸਿਖਲਾਈ ਲਈ ;

- 3 ਕਰੋੜ ਰੁਪਏ – ਪੰਜਾਬ ਸੁਰੱਖਿਆ ਅਤੇ ਸਕਿਊਰਿਟੀ ਰਿਲੀਫ ਫੰਡ ਲਈ ।

## ਰਾਜ ਪ੍ਰਬੰਧ ਸੁਧਾਰ

95. ਰਾਜ ਵਿਚ 2174 ਸਮੂਹਿਕ ਸੇਵਾ ਕੇਂਦਰਾਂ ਦੀ ਸਥਾਪਤੀ ਤੋਂ ਇਲਾਵਾ ਈ-ਗਵਰਨੈਂਸ ਦੇ ਖੇਤਰ ਵਿਚ ਸਰਕਾਰ ਦੀਆਂ ਹੋਰ ਬਹੁਤ ਸਾਰੀਆਂ ਮੁੱਖ ਪ੍ਰਾਪਤੀਆਂ ਇਹ ਹਨ:

- ਸ਼ਹੀਦ ਭਗਤ ਸਿੰਘ ਨਗਰ ਅਤੇ ਕਪੂਰਥਲਾ 2 ਮੁੱਖ ਜ਼ਿਲ੍ਹਿਆਂ ਵਿਚ 47 ਸੇਵਾਵਾਂ ਦੇਣ ਲਈ ਆਟੋਮੇਟਿਡ ਬੈਕ-ਐਂਡ ਪ੍ਰਕ੍ਰਿਆ ਨਾਲ ਈ-ਜ਼ਿਲ੍ਹਾ ਪ੍ਰਾਜੈਕਟ ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਗਿਆ ਹੈ। ਰਾਜ ਦੇ ਬਾਕੀ ਰਹਿੰਦੇ 20 ਜ਼ਿਲ੍ਹਿਆਂ ਵਿਚ ਈ-ਜ਼ਿਲ੍ਹਾ ਪ੍ਰਾਜੈਕਟ ਨੂੰ ਵੀ ਅਰੰਭ ਕੀਤਾ ਗਿਆ ਹੈ।
- ਰਾਜ ਦੀਆਂ 12,000 ਗ੍ਰਾਮ ਪੰਚਾਇਤਾਂ ਤੋਂ ਵੱਧ ਨੂੰ ਨੈਸ਼ਨਲ ਆਪਟੀਕਲ ਫਾਈਬਰ ਨੈੱਟਵਰਕ (ਐਨ.ਓ.ਐਫ.ਐਨ.) ਤਹਿਤ ਬਰਾਡਬੈਂਡ ਕਨੈਕਟੀਵਿਟੀ ਨਾਲ ਜੋੜਿਆ ਜਾਵੇਗਾ।
- ਪ੍ਰਾਪਤੀਆਂ ਵਿਚ ਪਾਰਦਰਸ਼ਤਾ ਅਤੇ ਕੀਮਤ ਬਚਤਾਂ ਲਈ 41 ਵਿਭਾਗਾਂ/ਸੰਗਠਨਾਂ ਵਿਚ ਆਨ-ਲਾਈਨ ਅਦਾਇਗੀ ਵਿਧੀ ਦੇ ਅਧਾਰ ’ਤੇ ਈ-ਟੈਂਡਰਿੰਗ ਨੂੰ ਲਾਗੂ ਕੀਤਾ ਗਿਆ ਹੈ। 54,756 ਤੋਂ ਵਧੇਰੇ ਟੈਂਡਰਾਂ ਨੂੰ ਕੇਂਦਰੀਕ੍ਰਿਤ ਪੰਜਾਬ ਸਰਕਾਰ ਪੋਰਟਲ ਉਪਰ ਅਪਲੋਡ ਕੀਤਾ ਗਿਆ ਹੈ।

96. ਰਾਜ, ‘ਡਿਜੀਟਲ ਇੰਡੀਆ’ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਉਤਸ਼ਾਹ ਦਿਖਾ ਰਿਹਾ ਹੈ। ਇਸ ਪ੍ਰੋਗ੍ਰਾਮ ਦਾ ਨਿਰੀਖਣ ਕਰਨ ਲਈ ਲੋੜੀਂਦੀ ਸੰਸਥਾਇਕ ਪ੍ਰਣਾਲੀ ਲਈ ਮਾਣਯੋਗ ਮੁੱਖ ਮੰਤਰੀ ਪੰਜਾਬ ਦੀ ਚੇਅਰਮੈਨਸ਼ਿਪ ਤਹਿਤ ਡਿਜੀਟਲ ਇੰਡੀਆ ’ਤੇ ਇਕ ਰਾਜ ਪੱਧਰੀ ਕਮੇਟੀ ਦਾ ਪਹਿਲਾਂ ਹੀ ਗਠਨ ਕੀਤਾ ਗਿਆ ਹੈ।

## ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ

97. ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਤਹਿਤ ਸਾਲ 2015-16 ਲਈ ਸਮਾਜਿਕ

ਸੈਕਟਰਾਂ ਵਿਚ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਸਹਿਯੋਗੀ ਬੁਨਿਆਦੀ ਢਾਂਚੇ ਨਾਲ ਸਬੰਧਤ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਛੇ ਜ਼ਿਲ੍ਹਿਆਂ ਦੇ 19 ਸਰਹੱਦੀ ਬਲਾਕਾਂ ਲਈ 40 ਕਰੋੜ ਰੁਪਏ ਦੀ ਰਕਮ ਦੀ ਤਜਵੀਜ਼ ਕੀਤੀ ਗਈ ਹੈ।

## ਆਧਾਰ ਅਤੇ ਸਿੱਧੀ ਨਕਦੀ ਤਬਦੀਲੀ

98. ਪੰਜਾਬ ਦੇਸ ਦੇ ਸਮੁੱਚੇ ਕਵਰ ਕੀਤੇ ਜਾਣ ਵਾਲੇ ਤੀਜੇ ਰਾਜ ਵਲੋਂ ਜਨ ਧਨ ਯੋਜਨਾ ਨੂੰ ਸਮਾਂ ਬੱਧ ਢੰਗ ਨਾਲ ਲਾਗੂ ਕਰਨ ਵਿਚ ਕਾਮਯਾਬ ਰਿਹਾ ਹੈ।ਰਾਜ ਸਰਕਾਰ ਨੇ 2.54 ਕਰੋੜ ਆਧਾਰ ਕਾਰਡ ਬਣਾਏ ਹਨ, ਜੋ ਕਿ ਰਾਜ ਦੀ ਕੁਲ ਆਬਾਦੀ ਦਾ 92 ਫ਼ੀਸਦ ਹੈ। ਰਾਜ ਸਰਕਾਰ ਸਾਰੇ ਜ਼ਿਲ੍ਹਿਆਂ ਵਿਚ ਸਿੱਧੀ ਨਕਦੀ ਤਬਦੀਲੀ ਸਕੀਮ ਨੂੰ ਸਫ਼ਲਤਾ ਪੂਰਵਕ ਲਾਗੂ ਕਰ ਰਹੀ ਹੈ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਭਲਾਈ ਦੇ ਵਿਭਾਗਾਂ ਦੀਆਂ ਵੱਖ-ਵੱਖ ਸਕੀਮਾਂ ਤਹਿਤ 1.56 ਲੱਖ ਲਾਭਪਾਤਰਾਂ ਨੂੰ ਆਧਾਰ ਪੇਮੈਂਟ ਬਰਿਜ ਰਾਹੀਂ 65 ਕਰੋੜ ਰੁਪਏ ਦੀ ਰਕਮ ਵੰਡੀ ਗਈ ਹੈ।

99. ਰਾਜ ਸਰਕਾਰ ਨੇ ਵਿਭਿੰਨ ਰਾਜ ਪੱਧਰੀ ਸਕੀਮਾਂ ਵਿਚ ਲਾਭਪਾਤਰਾਂ ਦੇ ਬੈਂਕ ਖਾਤਿਆਂ ਵਿਚ ਸਿੱਧੇ ਤੌਰ 'ਤੇ ਰਕਮ ਜਮ੍ਹਾਂ ਕਰਨ ਲਈ ਡੀ.ਬੀ.ਟੀ. ਸੂਚੀ ਨੂੰ ਅਪਣਾਇਆ ਹੈ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੇ ਭਲਾਈ ਵਿਭਾਗਾਂ ਦੀਆਂ ਸਕੀਮਾਂ ਤਹਿਤ 4 ਲੱਖ ਲਾਭਪਾਤਰੀਆਂ ਨੂੰ 75 ਕਰੋੜ ਰੁਪਏ ਵੰਡੇ ਗਏ ਹਨ। ਇਸ ਤੋਂ ਇਲਾਵਾ ਰਾਜ ਪੱਧਰੀ ਪੈਨਸ਼ਨ ਸਕੀਮ ਤਹਿਤ 5.18 ਲੱਖ ਲਾਭਪਾਤਰਾਂ ਨੂੰ 83 ਕਰੋੜ ਰੁਪਏ ਵੰਡੇ ਗਏ ਹਨ ਜੋ ਕਿ ਰਾਜ ਦੇ 7 ਜ਼ਿਲ੍ਹਿਆਂ ਵਿਚ ਬਿਜਲਈ ਲਾਭ ਤਬਦੀਲੀ/ਬਾਇਓ ਮੀਟਰਿਕ ਸਮਾਰਟ ਕਾਰਡ ਪ੍ਰਾਜੈਕਟ ਰਾਹੀਂ ਨਿਸ਼ਚਿਤ ਕੀਤੇ ਗਏ ਹਨ।

## ਹੁਨਰ ਵਿਕਾਸ

100. ਪੰਜਾਬ ਹੁਨਰ ਵਿਕਾਸ ਮਿਸ਼ਨ ਵੱਖ-ਵੱਖ ਹੁਨਰ ਵਿਕਾਸ ਸਕੀਮਾਂ ਦੇ ਅਮਲ ਵਿਚ ਲੋੜੀਂਦੀ ਸਹਿਕ੍ਰਿਆ, ਨਿਯੰਤ੍ਰਨ ਅਤੇ ਕੁਸ਼ਲ ਤਾਲਮੇਲ ਲਿਆਵੇਗਾ। ਹੁਨਰ ਵਿਕਾਸ ਸਕੀਮਾਂ ਵਿਚ ਹਿੱਸਾ ਲੈਣ ਵਾਲੇ ਲਾਭਪਾਤਰੀਆਂ ਦੀ ਰੁਜ਼ਗਾਰ ਯੋਗਤਾ ਵਿਚ

ਸੁਧਾਰ ਲਿਆਉਣ ਲਈ ਐੱਨ ਐੱਸ ਡੀ ਸੀ ਨਾਲ ਇਕ ਇਕਰਾਰਨਾਮਾ ਕੀਤਾ ਗਿਆ ਹੈ।

101. ਰਾਜ ਨੇ ਆਈ ਟੀ ਆਈ ਵਿਚ ਅਪ੍ਰਚਲਿਤ ਕੋਰਸਾਂ ਦੀ ਛਾਂਟੀ ਕਰਨ ਲਈ ਇਕ ਵਿਸਤ੍ਰਿਤ ਅਮਲ ਸ਼ੁਰੂ ਕੀਤਾ ਹੈ ਅਤੇ ਨਵੇਂ ਕੋਰਸਾਂ ਦੀ ਸ਼ੁਰੂਆਤ ਕੀਤੀ ਹੈ ਅਤੇ ਪੜਾਅਵਾਰ ਢੰਗ ਨਾਲ 22,000 ਵਿਦਿਆਰਥੀਆਂ ਦੀ ਮੌਜੂਦਾ ਸਮਰੱਥਾ ਤੋਂ ਵਧਾ ਕੇ 40,000 ਕਰਨ ਦੀ ਵਿਉਂਤਬੰਦੀ ਕੀਤੀ ਹੈ।

102. ਵੱਖ-ਵੱਖ ਸਕੀਮਾਂ ਅਧੀਨ 1,21,000 ਨੌਜਵਾਨਾਂ ਦੇ ਹੁਨਰ ਵਿਕਾਸ ਲਈ 267.92 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।

103. ਹੋਰਵੇਂ ਰੋਜ਼ਗਾਰ ਸਿਰਜਣ ਲਈ ਰਾਖਵਾਂਕਰਣ ਨਿਮਨ ਅਨੁਸਾਰ ਹਨ:

- 7.45 ਕਰੋੜ ਰੁਪਏ - ਪੰਜਾਬ ਦੇ ਨੌਜਵਾਨਾਂ ਲਈ ਸਿਖਲਾਈ ਅਤੇ ਰੋਜ਼ਗਾਰ ਦੇ ਕੇਂਦਰਾਂ (ਸੀ-ਪਾਈਟ) ਲਈ ;
- 3 ਕਰੋੜ ਰੁਪਏ - ਅਜੀਤਗੜ ਵਿਖੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਲਈ ;
- 1 ਕਰੋੜ ਰੁਪਏ - ਮੋਹਾਲੀ ਵਿਖੇ ਮਾਈ ਭਾਗੋ ਆਰਮਡ ਫੋਰਸਿਜ਼ ਸੇਵਾਵਾਂ ਪ੍ਰੈਪਰੇਟਰੀ ਇੰਸਟੀਚਿਊਟ (ਲੜਕੀਆਂ ਲਈ) ।

## ਬਜਟ ਅਨੁਮਾਨ 2015-16

104. ਸ੍ਰੀਮਾਨ ਸਪੀਕਰ ਸਾਹਿਬ, ਮੈਂ ਹੁਣ ਇਸ ਅਜ਼ੀਮ ਸਦਨ ਦੇ ਸਾਹਮਣੇ ਵਿੱਤੀ ਸਾਲ 2015-16 ਲਈ ਬਜਟ ਅਨੁਮਾਨ ਪੇਸ਼ ਕਰਦਾ ਹਾਂ ਜੋ ਕਿ ਹੇਠ ਲਿਖੇ ਅਨੁਸਾਰ ਹਨ:

## ਬਜਟ ਇਕ ਝਾਤ

105. ਸਾਲ 2015-16 ਲਈ ਕੁਲ ਬਜਟ ਅਕਾਰ 79,314 ਕਰੋੜ ਰੁਪਏ ਹੈ। ਪਰੰਤੂ ਵਾਸਤਵਿਕ ਬਜਟ ਦਾ ਅਕਾਰ 61,814 ਕਰੋੜ ਰੁਪਏ ਹੈ ਕਿਉਂਜੋ ਉਕਤ ਰਕਮ ਵਿਚ ਮੌਜੂਦਾ ਸਾਲ ਲਈ ਉਪਾਅ ਅਤੇ ਸਾਧਨ ਲੈਣ-ਦੇਣ ਲਈ 17,500 ਕਰੋੜ

ਰੁਪਏ ਦਾ ਬਜਟ ਉਪਬੰਧ ਸ਼ਾਮਲ ਹੈ। ਸਾਲ ਦਾ ਆਰੰਭ (–)69 ਕਰੋੜ ਰੁਪਏ ਦੇ ਅਰੰਭਕ ਬਕਾਏ ਤੋਂ ਹੁੰਦਾ ਹੈ। ਕੁਲ ਪ੍ਰਾਪਤੀਆਂ 60,585 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ। ਸਾਲ 2015–16 ਦੇ ਅੰਤ 'ਤੇ ਅੰਤਮ ਬਕਾਇਆ (–)125 ਕਰੋੜ ਰੁਪਏ ਹੋਵੇਗਾ। ਇਸ ਦੇ ਵੇਰਵੇ ਨਿਮਨ ਅਨੁਸਾਰ ਹਨ:–

ਰੁਪਏ ਕਰੋੜਾਂ ਵਿਚ

| ਲੜੀ ਨੰ. | ਮੱਦ | 2014–15 ਸੋਧੇ ਅਨੁਮਾਨ | 2015–16 ਬਜਟ ਅਨੁਮਾਨ |
|---|---|---|---|
| | **ਆਰੰਭਿਕ ਬਕਾਇਆ** | (-) 69 | (-) 73 |
| 1. | **ਸੰਚਿਤ ਫੰਡ** | | |
| | ਪ੍ਰਾਪਤੀਆਂ | 54,096 | 60,585 |
| | i. ਮਾਲ ਆਮਦਨ ਪ੍ਰਾਪਤੀਆਂ | 42,742 | 46,229 |
| | ii. ਪੂੰਜੀਗਤ ਪ੍ਰਾਪਤੀਆਂ | 11,353 | 14,356 |
| | (ੳ.) ਜਨਤਕ ਕਰਜ਼ੇ ਤੋਂ ਵਸੂਲੀਆਂ* | 11,235 | 14,265 |
| | (ਅ.) ਕਰਜ਼ੇ ਅਤੇ ਪੇਸ਼ਗੀਆਂ ਤੋਂ ਵਸੂਲੀਆਂ | 118 | 91 |
| | **ਖ਼ਰਚ** | 56,431 | 61,814 |
| i. | ਮਾਲ ਆਮਦਨ ਖ਼ਰਚ | 48,983 | 52,623 |
| | (ੳ.) ਵਿਕਾਸ ਖ਼ਰਚ | 25,733 | 27,344 |
| | (ਅ.) ਗੈਰ–ਵਿਕਾਸ ਖ਼ਰਚ | 23,250 | 25,279 |
| ii. | ਪੂੰਜੀਗਤ ਲਾਗਤ | 3,948 | 4,857 |
| | (ੳ.) ਵਿਕਾਸ ਖ਼ਰਚ | 3,383 | 4,615 |
| | (ਅ.) ਗੈਰ–ਵਿਕਾਸ ਖ਼ਰਚ | 365 | 242 |

| | | | |
|---|---|---|---|
| iii. | ਜਨਤਕ ਕਰਜ਼ ਦੀ ਅਦਾਇਗੀ* | 3,174 | 3,598 |
| iv | ਕਰਜ਼ੇ ਅਤੇ ਪੇਸ਼ਗੀਆਂ ਦੀ ਵੰਡ* | 327 | 736 |
| 2 | **ਅਚੇਤ ਫੰਡ** | - | - |
| 3 | **ਜਨਤਕ ਲੇਖਾ (ਨਿਰੋਲ)** | 2,331 | 1,177 |
| | ਅੰਤਿਮ ਬਕਾਇਆ | -73 | -125 |

* ਉਪਾਅ ਅਤੇ ਸਾਧਨ / ਓਵਰ ਡਰਾਫਟ ਵਿਚ ਪ੍ਰਾਪਤੀਆਂ ਅਤੇ ਅਦਾਇਗੀਆਂ ਕਾਰਨ ਸਾਲ 2014-15 (ਸੋਧੇ ਅਨੁਮਾਨ) ਲਈ 18,500 ਕਰੋੜ ਰੁਪਏ ਅਤੇ ਸਾਲ 2015-16 ਬਜਟ ਅਨੁਮਾਨ ਲਈ 17,500 ਕਰੋੜ ਰੁਪਏ ਦੀ ਰਕਮ ਸ਼ਾਮਲ ਨਹੀਂ ਹੈ।

ਸਾਲ 2015-16 ਦੀਆਂ ਪ੍ਰਾਪਤੀਆਂ ਤੋਂ ਵੱਧ ਦਾ ਖ਼ਰਚ ਬਜਟ ਅਨੁਮਾਨ 1228 ਕਰੋੜ ਰੁਪਏ ਆਰੰਭਕ ਬਕਾਏ (-)73 ਕਰੋੜ ਰੁਪਏ ਸਮੇਤ ਅੰਤਿਮ ਬਕਾਏ (-)125 ਕਰੋੜ ਰੁਪਏ ਜਨਤਕ ਲੇਖੇ ਤੋਂ ਪੂਰੇ ਕੀਤੇ ਜਾਣੇ ਹਨ।

ਉਪਰੋਕਤ ਅਨੁਮਾਨਾਂ ਨਾਲ ਵਿੱਤੀ ਘਾਟਾ ਜੀ.ਐੱਸ.ਡੀ.ਪੀ. ਦਾ 2.98 ਫ਼ੀਸਦ ਅਤੇ ਮਾਲ ਆਮਦਨ ਘਾਟਾ ਜੀ.ਐੱਸ.ਡੀ.ਪੀ. ਦਾ 1.60 ਫ਼ੀਸਦ ਹੋਵੇਗਾ।

## ਸਿੱਟਾ

**ਮਾਣਯੋਗ ਸਪੀਕਰ ਸਾਹਿਬ**

106. ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਸਾਡੇ ਹਰਮਨ ਪਿਆਰੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਅਤੇ ਸਾਡੇ ਬਹੁਤ ਹੀ ਗਤੀਸ਼ੀਲ ਮਾਣਯੋਗ ਉਪ-ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਾ ਉਨ੍ਹਾਂ ਵਲੋਂ ਦਿੱਤੀ ਯੋਗ ਅਗਵਾਈ ਅਤੇ ਵਡਮੁੱਲੇ ਸਹਿਯੋਗ ਲਈ ਤਹਿ ਦਿਲ ਤੋਂ ਸ਼ੁਕਰੀਆ ਅਦਾ ਕਰਦਾ ਹਾਂ।

107. ਮੈਂ ਮਾਣਯੋਗ ਸਪੀਕਰ ਸਾਹਿਬ ਅਤੇ ਮੇਰੇ ਸਤਿਕਾਰਤ ਕੈਬਿਨਟ ਸਹਿਯੋਗੀ ਅਤੇ ਇਸ ਅਜ਼ੀਮ ਸਦਨ ਦੇ ਸਮੁੱਚੇ ਮੈਂਬਰ ਸਾਹਿਬਾਨ ਦਾ, ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਅਤੇ ਸਹਿਯੋਗ ਲਈ ਧੰਨਵਾਦ ਕਰਦਾ ਹਾਂ।

108. ਮੈਂ ਪ੍ਰਮੁੱਖ ਸਕੱਤਰ ਵਿੱਤ, ਸਕੱਤਰ ਯੋਜਨਾ ਅਤੇ ਵਿੱਤ ਅਤੇ ਯੋਜਨਾ ਵਿਭਾਗ ਦੇ ਅਧਿਕਾਰੀ ਸਾਹਿਬਾਨਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਲ 2015-16 ਦੇ ਬਜਟ ਅਤੇ ਸਾਲਾਨਾ ਯੋਜਨਾ ਦੀ ਤਿਆਰੀ ਲਈ ਅਣਥੱਕ ਕਾਰਜ ਕੀਤਾ ਹੈ।

109. ਸ੍ਰੀਮਾਨ ਜੀ ਇਨ੍ਹਾਂ ਸ਼ਬਦਾਂ ਨਾਲ ਮੈਂ ਸਾਲ 2015-16 ਲਈ 79,314 ਕਰੋੜ ਰੁਪਏ ਦੀਆਂ ਤਜਵੀਜ਼ਾਂ ਅਤੇ 21,174 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਇਸ ਅਜ਼ੀਮ ਸਦਨ ਦੇ ਸਨਮੁੱਖ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ।

110. ਪੰਜਾਬੀ ਦੇ ਸਿਰਮੌਰ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਦੀਆਂ ਨਿਮਨ ਲਾਈਨਾਂ ਨਾਲ ਮੈਂ, ਸਾਡੇ ਪਿਆਰੇ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਰਲ ਕੇ ਕਾਰਜ ਕਰਨ ਲਈ ਹਰੇਕ ਦੇਸ਼ ਵਾਸੀ ਨੂੰ ਸੱਦਾ ਦਿੰਦਾ ਹਾਂ -

ਪੰਜਾਬ ! ਕਰਾਂ ਕੀ ਸਿਫ਼ਤ ਤੇਰੀ, ਸ਼ਾਨਾਂ ਦੇ ਸਭ ਸਾਮਾਨ ਤੇਰੇ,
ਜਲ-ਪੌਣ ਤੇਰਾ, ਹਰਿਔਲ ਤੇਰੀ, ਦਰਿਆ, ਪਰਬਤ, ਮੈਦਾਨ ਤੇਰੇ।
ਭਾਰਤ ਦੇ ਸਿਰ ਤੇ ਛਤਰ ਤੇਰਾ, ਤੇਰੇ ਸਿਰ ਛਤਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫ਼ਾਂ ਦੀ, ਸੀਨੇ ਵਿਚ ਸੇਕ ਜਵਾਲਾ ਦਾ।...
ਅਰਸ਼ੀਂ ਬਰਕਤ ਰੂੰ ਵਾਂਗ ਉੱਤਰ, ਚਾਂਦੀ ਦੇ ਢੇਰ ਲਗਾਂਦੀ ਹੈ,
ਚਾਂਦੀ ਢਲ ਕੇ ਵਿਛਦੀ ਹੈ ਤੇ ਸੋਨਾ ਬਣਦੀ ਜਾਂਦੀ ਹੈ।

**ਜੈ ਹਿੰਦ !**